ਸਰਪ੍ਰਸਤ ਗੁਰਬੰਸੀ ਬਾਬਾਂ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਨਵੰਵਰ-ਦਸੰਬਰ 1974

ਗੁਰੂ ਨਾਨਕ ਜਿਨਿ ਸੁਣਿਆ ਪੇਖਿਆ, ਸੇ ਫਿਰ ਗਰਭਾਸ ਨ ਪਰਿਆਰੇ ।




ਗੁਰੂ ਨਾਨਕ ਜੀ ਤੇ ਆਪ ਦੇ ਸਾਹਿਬਜ਼ਾਦੇ ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦੀ
ਸਭ ਨੂੰ ਵਧਾਈ ਹੋਵੇ



ਸ੍ਰੀ ਗੁਰੂ ਨਾਨਕ ਦੇਵ ਜੀ



ਗੁਰੂ ਨਾਨਕ ਬੰਸੀ ਕਰਤਵ ਦੀ ਪਾਲਣਾ ਤੇ
ਸੰਸਾਰ ਵਿਖਿਆਤ ਕਰਨ ਵਾਲੇ
ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ

ਸਰਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ (ਲੁਧਿਆਣਾ)

ਸਾਲ ੫] ਨਵੰਬਰ-ਦਸੰਬਰ ੧੯੭੪ [ਅੰਕ ੧੧-੧੨

ਤੀਜੇ ਸਰੂਪ ਵਿਚ

# ਗੁਰੂ ਨਾਨਕ ਸੰਦੇਸ਼

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥

—ਅਰਜ਼ੋਈ—

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ਸਦਾ ਸਿਫਤਿ ਸਾਲਾਹ ਤੇਰੀ ਨਾਮੁ ਮਨਿ ਵਸਾਵਏ ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
ਕਹੈ ਨਾਨਕੁ ਸਚੇ ਸਾਹਿਬਾ ਕਿਆ ਨਾਹੀ ਘਰੁ ਤੇਰੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

# DESCENDANTS OF GURU NANAK

**Una Branch**

- Guru Nanak
  - Baba Sri Chand
  - Baba Lakhmi Dass
    - Dharam Chand
      - Manak Chand
        - Datar Chand
          - Pahar Chand
            - Harkishan (Harkaran) Chand
              - Nihal Chand
                - Lajjadhari
                  Migrated to Banga Distt. Jullundur
                - Kaladhari
                  Migrated to Una (Hoshiarpur), died 1737
                  - Samundpat
                  - Sukhna Chand
                  - Jit Singh died 1773
                    - Kahan Singh
                    - Mahboob Singh
                    - Baba Sahib Singh of Una
                      1756-1834
                      - Bishan Singh
                        Kallar, R. Pindi
                        - Baba Attar Singh
                          - Baba Khem Singh
                      - Tegh Singh
                      - Bikram Singh
                        1806-1860
                        - Suraj Singh
                        - Sujan Singh 1846-1921
                          - Ram Kishan Singh
                            (1876-1938)
                            - Devinder Singh
                              (1904-1962)
                              - Madsudan Singh, born 1922
                                - Sarabjot Singh, born 1949
                          - Manmohan Singh
                            (1879-1933)
                          - Shivindar Singh
                            (1899-1921)
                  - Kohar Singh
                  - Dharam Singh
        - Jagat Chand
        - Hans Raj
        - Inayat Chand
      - Mehar chand

# ਸੰਪਾਦਕੀ

(ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ ਨਸ਼ੀਨ, ਊਨਾ ਸਾਹਿਬ)

ਸਰਬੱਤ ਸੰਗਤ ਮਾਈ ਭਾਈ ਨੂੰ ਗੁਰੂ ਨਾਨਕ ਪਾਤਿਸ਼ਾਹ ਦੇ ਜਨਮ ਦੀ ਲੱਖ ਲੱਖ ਵਧਾਈ ਪੁਜੇ। ਸਤਿਗੁਰੂ ਰਹਿਮਤ ਕਰਨ, ਆਪ ਨੂੰ ਸੁਮੱਤ ਬਖਸ਼ਨ, ਜੋ ਆਪ ਸਿਖ ਸੇਵਕ ਸਦਾ ਆਪ ਦੀ ਤਰ੍ਹਾਂ ਦੀ ਪਦਵੀ ਪਾਈ ਰਖਣ ਤੇ ਇਕ ਨੂੰ ਅਪਣਾਈ ਰਖਣ।

ਸੋ ਸਿਖ ਸਖਾ ਬੰਧਪੁ ਹੈ ਭਾਈ ,ਜੇ ਗੁਰ ਕੇ ਭਾਣੇ ਵਿਚਿ ਆਵੈ ॥

ਤੇ ਫ਼ਖਰ ਹਾਸਲ ਕਰਨ, ਜੋ ਸਭ ਤੋਂ ਵਡੇ ਦੇ ਨਾਲ ਆਪ ਦਾ ਨਾਤਾ ਜੁੜਦਾ ਹੈ।

'ਆਪ ਨਾਰਾਇਣ ਕਲਾ ਧਾਰ ਜਗ ਮਹਿ ਪਰਵਰਿਓ ॥'

ਨਾਰਾਇਨ ਦੇ ਦਰਸ਼ਨਾਂ ਨੂੰ ਜੁਗੋ ਜੁਗ ਸੰਗਤਾਂ ਬਦਰੀ ਨਾਰਾਇਣ ਬੜੇ ਸੰਕਟ ਨਾਲ ਪੁਜਦੀਆਂ ਰਹੀਆਂ ਹਨ ਤੇ ਸਿਖ ਲਈ ਉਸ ਦਾ ਨਾਰਾਇਣ ਸਦਾ ਅੰਗ-ਸੰਗ ਹੈ। ਗੁਰੂ ਮੇਰੇ ਸੰਗਿ ਸਦਾ ਹਹਿ ਨਾਲੇ। ਸਾਰਿਆਂ ਦੇ ਨਾਲ ਹੈ ! ਪਾਤਸ਼ਾਹ ਦੁਨੀਆਂ ਦੀਆਂ ਨਿਗਾਹਾਂ ਤੋਂ ਓਹਲੇ ਹੋ ਗਏ। ਇਤਿਹਾਸ ਕਹਿੰਦਾ ਹੈ, ਜੋ ਆਪ ਚਦਰ ਲੈ ਲੇਟ ਗਏ। ਹਿੰਦੂ ਮੁਸਲਮਾਨ ਲੜਦੇ ਸਨ, ਇਕ ਕਹਿੰਦਾ ਸੀ ਮੇਰਾ ਪੀਰ ਸਾਂਈਂ ਹੈ, ਇਸ ਲਈ ਦਬ ਕੇ ਕਬਰ ਬਨਾਣੀ ਹੈ ਤੇ ਹਿੰਦੂ ਫ਼ਰਮਾਉਂਦੇ ਸਨ ਸਾਡਾ ਗੁਰੂ ਹੈ, ਇਸ ਲਈ ਜਲਾਣਾ ਹੈ। ਜਦ ਦੋਨਾਂ ਅੰਦਰ ਜਾ, ਚਦਰ ਚੁਕੀ ਦਰਸ਼ਨ ਕਰਨ ਲਗੇ, ਆਪ ਓਥੇ ਮੌਜੂਦ ਨਹੀਂ ਸਨ। ਕੋਈ ਇਤਿਹਾਸ ਨਹੀਂ ਕਹਿੰਦਾ ਜੋ ਆਪ ਦੇ ਸਰੀਰ ਨੂੰ ਜਲਾਇਆ ਜਾਂ ਦਫ਼ਨਾਇਆ ਗਿਆ। ਆਪ ਅਜ ਵੀ ਮੌਜੂਦ ਹਨ ਤੇ ਜੋ ਆਪ ਦੇ ਦਰਸ਼ਨ ਕਰਨਾ ਚਾਹੇ ਜਾਂ ਮਿਲਣਾ ਚਾਹੁੰਦਾ ਹੈ, ਉਸ ਦਾ ਰਸਤਾ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਹੈ :–

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ ॥
ਬਾਣੀ ਕਹੈ ਸੇਵਕ ਜਨ ਮਾਨੈ, ਪ੍ਰਤੱਖ ਗੁਰੂ ਨਿਸਤਾਰੇ ॥

ਸਤਿਗੁਰੂ ਨਾਨਕ ਪਾਤਸ਼ਾਹ ਨੂੰ ਮਿਲਣ ਦਾ ਢੰਗ ਜੋ ਬਾਣੀ ਆਖੇ, ਸਿਖ ਮੰਨੇ, ਉਹ ਪ੍ਰਤੱਖ ਗੁਰੂ ਨੂੰ ਪਾ ਲਵੇ। ਇਹ ਨਾ ਹੋਵੇ ;

'ਸਲਾਮ ਜੁਆਬ ਦੋਵੈਂ ਕਰੇ ਮੁਢਹੁ ਘੁਥਾ ਜਾਇ ॥'

ਅਜ ਦਾ ਸਮਾਂ, ਗੁਰੂ ਤਾਂ ਇਕ ਪਾਸੇ ਰੱਬ ਦੀ ਹੋਂਦ ਵਿਚ ਵੀ ਸ਼ਕ ਹੀ ਕਰਦਾ ਹੈ। ਮੈਂ ਕਈ ਮਨਮਤੀਆਂ ਨੂੰ ਆਖਦੇ ਸੁਣਿਐ ਜੋ ਕਹਿ ਦਿੰਦੇ ਹਨ 'ਗੁਰੂ ਨਾਨਕ ਪਾਤਸ਼ਾਹ ਦੇ ਮੋਜਜ਼ੇ ਕਰਾਮਾਤਾਂ ਮੁਮਕਿਨ ਨਹੀਂ'। ਜਦ ਤਕ ਇਕ ਇਨਸਾਨ ਕੋਈ ਇਲਮ ਪੜ੍ਹ ਨਹੀਂ ਲੈਂਦਾ ਓਦੋਂ ਤਕ ਓਸ ਜ਼ਬਾਨ ਨੂੰ ਸਮਝ ਨਹੀਂ ਸਕਦਾ। ਅੰਗਰੇਜ਼ੀ, ਫ਼ਾਰਸੀ, ਸਸਕ੍ਰਿਤ ਪੜ੍ਹੇ ਹੋਏ ਹੀ ਇਹਨਾਂ ਜ਼ਬਾਨਾਂ ਨੂੰ ਸਮਝਦੇ ਹਨ ਜਿਨ੍ਹਾਂ ਪੜ੍ਹਿਆ ਹੀ ਨਹੀਂ, ਚਾਹੇ ਕੋਈ ਗਾਲ੍ਹਾਂ ਹੀ ਕਿਓਂ ਨਾ ਕਢਦੇ ਰਹਿਣ, ਕੀ ਪਤਾ ਲਗਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਦੀ ਇਕ ਬੜੀ ਵਡੀ ਫਲਾਸਫੀ ਤੇ ਇਲਮ ਹੈ, ਪਰ ਥੋੜਾ ਫਰਕ ਹੈ .—

੧. ਏਕ ਊਪਰ ਜਿਸ ਜਨ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥
੨. ਏਕ ਅਖਰ ਹਰ ਮਨ ਬਸੈ ਨਾਨਕ ਹੋਤ ਨਿਹਾਲ ॥
੩. ਪਾਤਾਲਾ ਪਾਤਾਲ ਲਖ ਆਗਾਸਾ ਆਗਾਸੁ ॥

ਓੜਕ ਓੜਕ ਭਾਲ ਥਕੇ ਵੇਦ ਕਹਿਣ ਇਕ ਵਾਤ ॥

੪. ਏਕ ਸ਼ਬਦ ਮੇਰੇ ਪ੍ਰਾਨ ਬਸਤ ਹੈ ਬਹੁੜਿ ਜਨਮੁ ਨਾ ਆਵਾ ॥

੫. ਏਕ ਸਿਮਰਿ ਏਕ ਸਿਮਰਿ ਏਕ ਸਿਮਰਿ ਪਿਆਰੇ ॥

੬. ਏਕ ਅਖਰ ਜੋ ਗੁਰਮੁਖ ਜਾਪੈ ਤਿਨ ਕੀ ਨਿਰਮਲ ਸੋਇ ॥

੭. ਕਲੂ ਆਇਓ ਰੇ ਕਲੂ ਆਇਓ, ਇਕ ਨਾਮ ਬੋਵਹੁ ਬੋਵਹੁ ॥

੮. ਧਰ ਜੀਅਰੇ ਇਕ ਟੇਕ ਤੂੰ ਲਾਹਿ ਬਿਡਾਨੀ ਆਸ ॥

੯. ਏਕੋ ਜਪ ਏਕੋ ਸਾਲਾਹਿ ॥ ਏਕੁ ਸਿਮਰ ਏਕੋ ਮਨ ਆਹਿ ॥ ਏਕਸ ਕੇ ਗੁਨ ਗਾਓ ਅਨੰਤ ॥ ਮਨ ਤਨ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰ ਆਪਿ ॥ ਪੂਰਨ ਪੂਰ ਰਹਿਓ ਪ੍ਰਭੁ ਬਿਆਪਿ ॥ ਅਨਿਕ ਬਿਸਥਾਰ ਏਕ ਤੇ ਭਏ ॥ ਏਕ ਅਰਾਧਿ ਪਰਾਛਤ ਗਏ ॥ ਮਨ ਤਨ ਅੰਤਰ ਏਕ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥

੧੦. ਤੇਰਾ ਏਕ ਨਾਮੁ ਤਾਰੇ ਸੰਸਾਰ ॥

੧੧. ਅਰਾਧ ਏਕੰਕਾਰੁ ਸਾਚਾ ਨਿਤ ਦਏ ਚੜ੍ਹੇ ਸੁਵਾਇਆ ॥

ਇਹ ਸਾਰੀਆਂ ਗੁਰਬਾਣੀ ਦੀਆਂ ਤੁਕਾਂ ਪੜ੍ਹ ਕੇ ਗੁਰੂ ਨਾਨਕ ਪਾਤਿਸ਼ਾਹ ਹਾਜ਼ਰ ਨਾਜ਼ਰ ਦਾ ਸਿਧਾਂਤ ਸਮਝ ਆਉਂਦਾ ਹੈ ਤੇ ਰੋਜ਼ ਪ੍ਰਚਾਰਕ, ਕਥਾ ਵਾਚਕ, ਸੰਤ, ਮਹੰਤ, ਗੁਰੂ, ਪੀਰ ਅਨੇਕ, ਕੀ ਅਨੇਕਾਂ ਦੇ ਪਿਛੇ ਲਗ ਪ੍ਰਾਪਤੀ ਹੋਵੇਗੀ ? ਗੁਰਮਤਿ ਸਿਧਾਂਤ ਸਾਫ਼ ਹੈ । ਇਸ ਵਾਸਤੇ ਗੁਰੂ ਕੀ ਬਾਣੀ ਨੂੰ ਪੜ੍ਹੋ, ਸਮਝੋ, ਹਿਰਦੇ ਵਸਾਓ ਤੇ ਕਮਾਓ ਤਾਂ ਸਤਿਗੁਰੂ ਨਾਨਕ ਪਾਤਿਸ਼ਾਹ ਦੀ ਪਹਿਚਾਨ ਹੋਵੇਗੀ । ਕਈ ਲਹਿਰਾਂ ਚਲ ਚੁਕੀਆਂ ਹਨ ਤੇ ਚਲ ਰਹੀਆਂ ਹਨ, ਗੁਰੂ ਨਾਨਕ ਤੋਂ ਪਰੇ ਕਰਨ ਵਾਲੀਆਂ ਵਡੀਆਂ ਸੰਸਥਾਵਾਂ ਸਾਨੂੰ ਆਪਣੇ ਗੁਰੂ ਤੋਂ ਵਿਛੋੜ ਕੇ ਆਪਣੇ ਨਾਲ ਜੋੜਨ ਦਾ ਜਤਨ ਕਰ ਰਹੀਆਂ ਹਨ ਤੇ ਜੋ ਸੱਚ ਦਾ ਪ੍ਰਚਾਰ ਕਰਨ ਵਾਲੀ ਸੰਤਾਨ ਹੈ ਉਸ ਨੂੰ ਵੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਤੋੜਨ ਦਾ ਯਤਨ ਕਰਦੇ ਹਨ । ਝੂਠ ਪਿਆਰਾ ਹੈ, ਸੱਚ ਕੌੜਾ ਲਗਦਾ ਹੈ, ਸਾਡੇ ਕੋਲ ਤਾਂ ਗੁਰੂ ਨਾਨਕ ਹੀ ਗੁਰੂ ਨਾਨਕ ਹੈ । ਆਪ ਦਾ ਇਤਿਹਾਸ, ਆਪ ਦੀ ਬਾਣੀ, ਆਪ ਦਾ ਪ੍ਰਚਾਰ ਤੇ ਆਪ ਨਾਲ ਜੋੜ ਆਪ ਨੂੰ ਸਤਿਗੁਰੂ ਕਹਿ ਪੂਜਾ ਕਰਵਾਣੀ । ਅਸੀਂ ਤਾਂ ਸੇਵਾਦਾਰ ਹਾਂ, ਪੁਜਾਰੀ ਹਾਂ, ਉਸ ਜੋਤ ਦੇ । ਆਓ ਸਾਧ ਸਗਤ ਜੀ, ਹਰ ਦਸਵੀਂ ਮਨਸੂਰਾਂ ਪੁਜੋ ਤੇ ਧੰਨ ਧੰਨ ਗੁਰੂ ਨਾਨਕ ਪਾਤਿਸ਼ਾਹ ਦੀਆਂ ਤੇ ਆਪ ਦੀ ਮਿੱਠੀ ਸੰਤਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ । ਦੰਭੀ ਤਾਂ ਅੰਨ੍ਹੇ ਗੁਰੂ ਨਿਆਈਂ ਹਨ ਜੋ ਇਕ ਤੋਂ ਛੁਡਾ ਕੇ ਦੂਜੇ ਨਾਲ ਜੋੜਦੇ ਹਨ :—

੧. ਅੰਧੇ ਗੁਰ ਤੇ ਮੁਕਤ ਨਾ ਪਾਈ ॥ ਮੂਲ ਛੋਡ ਦੂਜੇ ਲਾਗੇ ਭਾਈ ॥

੨. ਖੂਬ ਖੂਬ ਖੂਬ ਖੂਬ ਖੂਬ ਤੇਰੋ ਨਾਮ ॥ ਝੂਠ ਝੂਠ ਝੂਠ ਝੂਠ ਦੁਨੀ ਗੁਮਾਨ ॥ਰਹਾਉ॥
ਨਗਜ ਤੇਰੇ ਬਦੇ ਦੀਦਾਰੁ ਅਪਾਰ ॥ ਨਾਮ ਬਿਨਾਂ ਸਭ ਦੁਨੀਆ ਛਾਰ ॥

ਸੰਗਤ ਕਰੋ ਨਾਨਕ ਪਾਤਸ਼ਾਹ ਦੀ ਸੰਤਾਨ ਦੀ, ਜੋ ਸਤਿਗੁਰੂ ਨਾਨਕ ਪਾਤਿਸ਼ਾਹ ਨਾਲ ਜੋੜੇ ਤੇ ਕਿਨਾਰਾ ਕਰੋ ਉਨ੍ਹਾਂ ਦੰਭੀਆਂ ਤੋਂ ਜੋ ਗੁਰੂ ਪਾਤਸ਼ਾਹ ਤੋਂ ਅਤੇ ਆਪਦੇ ਕਰਮੀ ਸ਼ਾਰਕਾਂ ਨਾਲੋਂ ਤੋੜੇ ।

ਸਤਿਨਾਮ ਸ੍ਰੀ ਵਾਹਿਗੁਰੂ

# ਨਾਮ-ਮਣੀ

[ਵਲੋਂ—ਗਿਆਨੀ ਗੁਰਦਿਤ ਸਿੰਘ ਜੀ
ਸਹਾਇਕ ਐਡੀਟਰ ਅਜੂਨੀ]

ਪੀਵਨਾ ਜਿਤੁ ਮਨੁ ਆਘਾਵੈ, ਨਾਮੁ ਅੰਮ੍ਰਿਤ ਰਸੁ ਪੀਵਨਾ ॥
ਖਾਵਨਾ ਜਿਤੁ ਭੂਖ ਨ ਲਾਗੈ, ਸੰਤੋਖਿ ਸਦਾ ਤ੍ਰਿਪਤੀਵਨਾ ॥
ਪੈਨਣਾ ਰਖੁ ਪਤਿ ਪਰਮੇਸਰ, ਫਿਰਿ ਨਾਂਗੇ ਨਹੀਂ ਥੀਵਨਾ ॥
ਸੁਖੁ ਨਾਨਕ ਸੰਤਨ ਕੀ ਸੇਵਾ, ਚਰਣ ਸੰਤ ਧੋਇ ਪੀਵਨਾ ॥

[ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਬਾਬਾ ਭਾਗ ਸਿੰਘ ਜੀ ਨੇ । ਬਾਬਾ ਭਾਗ ਸਿੰਘ ਜੀ ਤੋਂ ਬਾਬਾ ਬੀਰ ਸਿੰਘ ਜੀ ਨੇ ਅਤੇ ਬਾਬਾ ਬੀਰ ਸਿੰਘ ਜੀ ਤੋਂ ਬਾਬਾ ਜਵਾਲਾ ਸਿੰਘ ਜੀ ਨੇ ।]

ਸੰਤ ਬਾਬਾ ਬੀਰ ਸਿਘ ਜੀ ਦੇਸ ਪ੍ਰਦੇਸ ਦਾ ਚਕਰ ਲਾਉਂਦਿਆਂ ਸਾਲ ਵਿਚ ਇਕ ਵਾਰ ਜ਼ਰੂਰ ਆਪਣੇ ਪੂਜਜ ਸਤਿਸੰਗੀ ਬਾਬਾ ਭਾਗ ਸਿੰਘ ਜੀ ਪਾਸ ਕੁਰੀ ਨਗਰ ਵਿਚ ਆਣ ਕੇ ਕੁਝ ਦਿਨ ਟਿਕਿਆ ਕਰਦੇ ਸਨ । (ਕੁਰੀ ਨਗਰ ਰਾਵਲਪਿੰਡੀ ਸ਼ਹਿਰ ਤੋਂ ੭ ਮੀਲ ਚੜ੍ਹਦੇ ਰੁਖ ਸਥਿਤ ਹੈ, ਜਿਥੇ ਬਾਬਾ ਭਾਗ ਸਿੰਘ ਜੀ ਦਾ ਅਸਥਾਨ ਗੁਰਦੁਆਰੇ ਦੀ ਸ਼ਕਲ ਵਿਚ ਦੇਹੁਰਾ ੧੯੪੭ ਤਕ ਨਗਰ ਕੁਰੀ ਦੇ ਬਾਹਰਵਾਰ ਨਦੀ ਦੇ ਕੰਢੇ ਇਕ ਸੰਘਣੀ ਝਿੜੀ ਵਿਚ ਇਸਥਿਤ ਸੀ, ਅਜ ਦਾ ਪਤਾ ਨਹੀਂ ਕਿ ਉਸ ਅਸਥਾਨ ਦਾ ਕੀ ਹਾਲ ਹੈ । ਇਥੇ ਹਰ ਸਾਲ ਭਾਰੀ ਮੇਲਾ ਅਤੇ ਜਗ ਬਾਬਾ ਜੀ ਦੀ ਯਾਦ ਵਿਚ ਹੁੰਦਾ ਸੀ, ਜਿਥੇ ਇਲਾਕੇ ਭਰ ਦੇ ਹਜ਼ਾਰਾਂ ਸ਼ਰਧਾਲੂ ਤੇ ਸੇਵਕ ਆ ਕੇ ਆਪਣੀ ਸ਼ਰਧਾ ਦੇ ਫੁਲ ਭੇਟ ਕਰਦੇ ਸਨ ।) ਸੋ ਇਹ ਜਗ੍ਹਾ ਬੜੀ ਇਕਾਂਤ ਅਤੇ ਰਮਣੀਕ ਹੋਣ ਕਾਰਣ ਦੋਵੇਂ ਸਤਿਸੰਗੀ ਬਾਬੇ ਬੜੇ ਅਨੰਦ ਵਿਚ ਰਹਿ ਕੇ ਭਜਨ ਪਾਠ ਕਰਦੇ ਤੇ ਇਲਾਕੇ ਦੀਆਂ ਸੰਗਤਾਂ ਹਿੰਦੂ, ਸਿਖ, ਮੁਸਲਮਾਨਾਂ ਪ੍ਰਤੀ ਆਪਣੀ ਸ਼ੁਭ ਕਰਨੀ ਦਾ ਪ੍ਰਭਾਵ ਅਰਪਨ ਕਰਦੇ ।

ਇਕ ਵਾਰ ਸੰਤ ਬਾਬਾ ਬੀਰ ਸਿੰਘ ਜੀ,ਕਹਿੰਦੇ ਹਨ,ਬਾਬਾ ਭਾਗ ਸਿੰਘ ਜੀ ਦੇ ਡੇਰੇ ਦੇ ਕਿਸੇ ਸੇਵਕ ਨਾਲ ਨਾਰਾਜ਼ ਜਹੇ ਹੋ ਗਏ ਤੇ ਉਥੋਂ ਉੱਤਰ ਵਲ ਦੋ ਮੀਲ ਦੀ ਵਿਥ ਤੇ ਜਕ ਮਲ੍ਹਾਂ ਦੀ ਹਦ ਅੰਦਰ ਕਰੰਗ ਨਦੀ ਦੇ ਕੰਢੇ ਇਕ ਦਰੱਖਤਾਂ ਦੀ ਝੰਗੀ ਵਿਚ ਜਾ ਬੈਠੇ । ਆਸ ਪਾਸ ਦੇ ਪ੍ਰੇਮੀ ਉਥੇ ਵੀ ਜੁੜਨ ਲਗੇ ਤੇ ਪ੍ਰਸ਼ਾਦ ਪਾਣੀ ਦਾ ਨਿਰਬਾਹ ਸਮੇਂ ਸਿਰ ਹੋਣ ਲਗ ਗਿਆ । ਮਹਾਂਪੁਰਸ਼ ਜਿਥੇ ਵੀ ਬੈਠਦੇ ਹਨ ਉਹੀ ਥਾਨ ਸੁਹਾਵਾ ਹੋ ਜਾਂਦਾ ਹੈ । ਪੱਕੀ ਕੁਟੀਆ ਤੇ ਆਸ ਪਾਸ ਵਸੋਂ ਹੋ ਗਈ ।

ਕਹਿੰਦੇ ਹਨ ਕਿ ਇਕ ਸਮੇਂ ਸੰਤ ਬਾਬਾ ਬੀਰ ਸਿੰਘ ਜੀ ਪਾਸ ਕਿਧਰਿਉਂ ਇਕ ਮਣੀ ਆ ਗਈ, ਜੋ ਕਿਸੇ ਪ੍ਰੇਮੀ ਨੇ ਕੁਰੰਗ ਨਦੀ ਵਿਚੋਂ ਰੇਤ ਵਿਚ ਪਈ ਚਮਕਦੀ ਸੁ ਵੇਖ ਕੇ ਤੇ ਚੰਗੀ ਵਸਤੂ ਜਾਣ ਕੇ ਆਪ ਦੇ ਚਰਨਾਂ ਅਗੇ ਆਣ ਧਰੀ । ਕੁਝ ਸਮਾਂ ਬੀਤ ਗਿਆ । ਮਣੀ ਬਾਰੇ ਆਮ ਚਰਚਾ ਹੈ ਕਿ ਜਿਸ ਪਾਸ ਮਣੀ ਹੋਵੇ ਸਭ ਰਿਧੀਆਂ ਸਿਧੀਆਂ ਉਸ ਦੇ ਵਸ ਵਿਚ ਹੋ ਜਾਂਦੀਆਂ ਹਨ ਤੇ ਮਨਇਛਤ ਫਲ ਹਾਸਲ ਹੋ ਜਾਂਦਾ ਹੈ। ਸੋ ਬਾਬਾ ਬੀਰ ਸਿੰਘ ਜੀ ਸਚ ਮੁਚ ਨੌਂ ਨਿਧਾਂ ਤੇ ਬਾਰਾਂ ਸਿਧਾਂ ਦੇ ਮਾਲਕ ਸਨ ।

ਕੁਝ ਚਿਰ ਪਿਛੋਂ ਇਕ ਜੁਆਲਾ ਸਿੰਘ ਨਾਮੀ ਪ੍ਰੇਮੀ ਜੋ ਪਹਾੜ ਵਲੋਂ ਬਾਬਾ ਜੀ ਦੀ ਸੇ

ਸੁਣ ਕੇ ਆਇਆ ਸੀ, ਆਪ ਦੀ ਸੇਵਾ ਵਿਚ ਰਹਿਣ ਲਗ ਪਿਆ । ਸੇਵਾ ਕਰਦਿਆਂ ਭਾਈ ਜਵਾਲਾ ਸਿੰਘ ਦੇ ਮਨ ਵਿਚ ਸੰਕਲਪ ਫੁਰਿਆ ਜੇ ਏਹ ਮਣੀ ਬਾਬਾ ਜੀ ਮੈਨੂੰ ਦੇ ਦੇਣ ਤਾਂ ਮੈਂ ਭਾਗਵਾਨ ਹੋ ਜਾਵਾਂ, ਫਿਰ ਕਿਸੇ ਚੀਜ਼ ਦਾ ਘਾਟਾ ਨ ਰਹੇਗਾ । ਸੋ ਮਨ ਵਿਚ ਏਹ ਲਾਲਸਾ ਚਲਦੀ ਰਹੀ, ਪਰ ਸਵਾ ਵਿਚ ਕਸਰ ਨਾ ਰਖੀ, ਤਨਦੇਹੀ ਨਾਲ ਬਾਬਾ ਜੀ ਦੀ ਸੇਵਾ ਵਿਚ ਜੁਟਿਆ ਰਿਹਾ । ਉਧਰ ਬਾਬਾ ਜੀ ਵੀ ਜਾਣੀਜਾਣ ਸਨ, ਉਹ ਸਮਝ ਗਏ ਕਿ ਇਸ ਪ੍ਰੇਮੀ ਦੇ ਮਨ ਵਿਚ ਮਣੀ ਦੀ ਖਾਹਸ਼ ਹੈ, ਪਰ ਇਸ ਦੇ ਭਾਗਾਂ ਵਿਚ ਏਹ ਨਹੀਂ ਹੈ ।

ਹਰ ਰੋਜ਼ ਦਿਨ ਵੇਲੇ ਉਹ ਮਣੀ ਬਾਬਾ ਜੀ ਦੇ ਅਗੇ ਪਈ ਰਹੇ ਤੇ ਜਦ ਰਾਤ ਪਵੇ ਤਾਂ ਉਸ ਪ੍ਰੇਮੀ ਨੂੰ ਮਣੀ ਦਾ ਪਤਾ ਨ ਲਗੇ ਕਿ ਬਾਬਾ ਜੀ ਮਣੀ ਨੂੰ ਕਿਥ ਰਖਦੇ ਹਨ । ਜਦ ਸਵੇਰੇ ਬਾਬਾ ਜੀ ਜੰਗਲ ਪਾਣੀ ਅਤੇ ਨਦੀ ਵਿਚ ਇਸ਼ਨਾਨ ਕਰਨ ਜਾਣ ਤਾਂ ਭਾਈ ਜਵਾਲਾ ਸਿੰਘ, ਬਾਬਾ ਜੀ ਦੇ ਸਾਰੇ ਬਸਤਰ ਝਾੜ ਤੇ ਸਾਫ਼ ਕਰਕੇ ਵੇਖੇ । ਹੋਰ ਕੁਟੀਆ ਦੇ ਕੋਨੇ ਖੂੰਜੇ ਤੇ ਛਤ ਵੀ ਫਰੋਲ ਫਰਾਲ ਲਵੇ, ਪਰ ਕਿਤੋਂ ਵੀ ਮਣੀ ਦਾ ਪਤਾ ਨ ਲਗੇ । ਜਦ ਬਾਬਾ ਜੀ ਸੌਣ ਲਈ ਲੰਮੇ ਪੈਣ ਤਾਂ ਭਾਈ ਜਵਾਲਾ ਸਿੰਘ ਉਨ੍ਹਾਂ ਦੀ ਮੁਠੀ ਚਾਪੀ ਕਰਨ ਲਗਿਆਂ ਉਨ੍ਹਾਂ ਦੇ ਸਾਰੇ ਸਰੀਰ ਦੀ ਟੋਹ ਲੈ ਲਵੇ ਤੇ ਅੰਗ ਅੰਗ ਦਬ ਘੁਟ ਕੇ ਵੇਖ ਲਵੇ ਕਿ ਕਿਧਰੇ ਮਣੀ ਦਾ ਪਤਾ ਲਗ ਜਾਵੇ, ਪਰ ਭਾਈ ਜਵਾਲਾ ਸਿੰਘ ਨੂੰ ਮਣੀ ਦਾ ਕੋਈ ਪਤਾ ਨ ਚਲੇ । ਇਸੇ ਸਿਲਸਿਲੇ ਵਿਚ ਮਨ ਵਿਚ ਮਣੀ ਦੀ ਖਾਹਸ਼ ਰਖਦਿਆਂ ਭਾਈ ਜਵਾਲਾ ਸਿੰਘ ਨੇ ਕਈ ਸਾਲ ਬਿਤਾ ਦਿਤੇ, ਪਰ ਅਜਿਹਾ ਮੌਕਾ ਨਾ ਆਇਆ ਕਿ ਮਹਾਂਪੁਰਸ਼ ਤਰੁਠ ਕੇ ਮਣੀ ਦੇ ਦੇਣ ਅਤੇ ਇਸ ਤੋਂ ਵਧ ਹੈਰਾਨੀ ਏਹ ਕਿ ਮਣੀ ਦਿਨ ਨੂੰ ਤਾਂ ਇਨ੍ਹਾਂ ਦੇ ਅਗੇ ਰਹਿੰਦੀ ਹੈ, ਰਾਤ ਵਲੇ ਮਣੀ ਕਿਥੇ ਰਖਦੇ ਹਨ । ਸੰਤਾਂ ਦੀ ਚਿਤਵਨੀ ਅਨੁਸਾਰ ਮਣੀ ਭਾਈ ਜਵਾਲਾ ਸਿੰਘ ਦੇ ਭਾਗਾਂ ਵਿਚ ਨਹੀਂ ਸੀ ।

ਇਕ ਸਮੇਂ ਬਾਬਾ ਬੀਰ ਸਿੰਘ ਜੀ ਦੋ ਤਿੰਨ ਦਿਨ ਕੁਰੀ ਜਾ ਕੇ ਬਾਬਾ ਭਾਗ ਸਿੰਘ ਜੀ ਪਾਸ ਰਹੇ ਅਤੇ ਸੋਚਿਆ ਕਿ ਇਸ ਅਰਸੇ ਵਿਚ ਭਾਈ ਜਵਾਲਾ ਸਿੰਘ ਇਥੇ ਇਕੱਲਾ ਹੈ ਅਸੀਂ ਮਣੀ ਇਸ ਪਾਸ ਛਡ ਚਲੇ ਹਾਂ, ਏਹ ਲੈ ਕੇ ਟੁਰ ਜਾਵੇ ਤਾਂ ਚੰਗਾ ਹੈ । ਭਾਈ ਜਵਾਲਾ ਸਿੰਘ ਨੇ ਬੜੀ ਕੋਸ਼ਿਸ਼ ਕੀਤੀ ਲਭਣ ਦੀ ਤੇ ਕੁਟੀਆ ਦੀ ਸਾਰੀ ਪੜਤਾਲ ਕੀਤੀ, ਪਰ ਮਣੀ ਹਥ ਨ ਲਗੀ ।

ਸਹਿਜੇ ਸਹਿਜੇ ਹੁਣ ਭਾਈ ਜਵਾਲਾ ਸਿੰਘ ਦਾ ਮਨ ਤਬਦੀਲ ਹੋ ਰਿਹਾ ਸੀ । ਸੰਤਾਂ ਦੇ ਉਪਦੇਸ਼ ਤੇ ਸੰਗਤ ਕਰਕੇ ਦੁਨਿਆਵੀ ਖਾਹਸ਼ਾਂ ਤੇ ਭੁੱਖਾਂ ਮਿਟਦੀਆਂ ਜਾ ਰਹੀਆਂ ਸਨ । ਮਨ ਸੰਤੋਖੀ ਹੋ ਰਿਹਾ ਸੀ । ਸੰਤਾਂ ਦੀ ਸੰਗਤ ਨੇ ਭਾਈ ਜਵਾਲਾ ਸਿੰਘ ਦੀ ਕਾਇਆ ਪਲਟ ਦਿਤੀ । ਹੁਣ ਉਹ ਮਣੀ ਦਾ ਖਾਹਸ਼ਵੰਦ ਨ ਰਿਹਾ, ਕੇਵਲ ਭਜਨ, ਪਾਠ ਸੇਵਾ ਨੂੰ ਹੀ ਉਸ ਨੇ ਆਪਣੀ ਜ਼ਿੰਦਗੀ ਦਾ ਆਧਾਰ ਮੰਨ ਲਿਆ । ਬਾਬਾ ਜੀ ਦਾ ਅਨਿਨ ਸੇਵਕ, ਅਨਇੱਛਤ ਸੇਵਾ ਵਿਚ ਮਗਨ ਰਹਿਣਾ, ਆਏ ਗਏ ਸ਼ਰਧਾਲੂ ਦੀ ਪ੍ਰੇਮ ਭਾਵਨਾ ਨਾਲ ਸੇਵਾ ਕਰਨੀ, ਲੰਗਰ ਪਾਣੀ ਹਰ ਇਕ ਨੂੰ ਪੁਛਣਾ ਤੇ ਛਕਾਣਾ । ਸੰਤ ਬਾਬਾ ਬੀਰ ਸਿੰਘ ਜੀ ਦੀ ਭਾਈ ਜਵਾਲਾ ਸਿੰਘ ਉਤੇ ਪੂਰੀ ਕਿਰਪਾ-ਦ੍ਰਿਸ਼ਟੀ ਹੋਈ । ਹੁਣ ਭਾਈ ਜਵਾਲਾ ਸਿੰਘ ਦਾ ਮਨ ਤ੍ਰਿਪਤ ਸੀ । ਉਸ ਨੇ ਨਾਮ ਦਾ ਉਹ ਭੋਜਨ ਛਕ ਲਿਆ ਸੀ ਜਿਸ ਤੋਂ ਹੁਣ ਉਸ ਦੀ ਸਦਾ ਲਈ ਭੁਖ ਲਥ ਗਈ ਸੀ—

ਤ੍ਰਿਸਨ ਬੁਝੀ ਭੂਖ ਸਭ ਲਾਥੀ ਅਚਿੰਤ ਸਹਜਿ ਘਰ ਪਾਇਓ ।

ਬਾਬਾ ਬੀਰ ਸਿੰਘ ਜੀ ਨੇ ਇਕ ਦਿਨ ਹੱਸਦਿਆਂ ਹੋਇਆਂ ਉਹ ਮਣੀ ਭਾਈ ਜਵਾਲਾ ਸਿੰਘ ਦੇ ਹਥ ਫੜਾਂਦਿਆਂ ਕਿਹਾ—ਭਾਈ ਜਵਾਲਾ ਸਿੰਘ, ਤੈਨੂੰ ਇਸ ਮਣੀ ਪਿਛੇ ਬਹੁਤ ਹੀ ਮੁਸ਼ੱਕਤ ਤੇ ਮੇਹਨਤ ਕਰਨੀ ਪਈ, ਹੁਣ ਏਹ ਮਣੀ ਸਾਡੇ ਪਾਸ ਨਹੀਂ ਤੇਰੇ ਪਾਸ ਰਹੇਗੀ। ਸੋ ਲੈ ਇਸਨੂੰ ਸੰਭਾਲ ਲੈ।

ਭਾਈ ਜਵਾਲਾ ਸਿੰਘ ਨੇ ਕਿਹਾ, ਦਾਤਾ, ਮੈਨੂੰ ਤੁਸਾਂ ਜੇਹੜੀ ਨਾਮ ਮਣੀ ਬਖਸ਼ਸ਼ ਕਰ ਦਿਤੀ ਹੈ ਉਸ ਦੇ ਮੁਕਾਬਲੇ ਵਿਚ ਇਹ ਹੁਣ ਕੁਝ ਵੀ ਨਹੀਂ ਹੈ। ਜਦੋਂ ਮੈਨੂੰ ਇਸ ਦੀ ਲਾਲਸਾ ਸੀ ਮੈਂ ਭੁੱਖਾ ਸਾਂ, ਮੇਰੀ ਅਵੱਗਿਆ ਬਖਸ਼ ਦਿਓ। ਹੁਣ ਆਪ ਨੇ ਮੈਨੂੰ ਐਸੀ ਮਣੀ ਦਿਤੀ ਹੈ, ਅਜਿਹਾ ਭਜਨ ਛਕਾਇਆ ਹੈ, ਅਜਿਹੇ ਬਸਤ੍ਰ ਓਢਾਏ ਹਨ, ਅਜਿਹਾ ਕੁਝ ਮੇਰੇ ਉਤੇ ਨਿਛਾਵਰ ਕੀਤਾ ਹੈ ਕਿ ਮੇਰਾ

'ਮਨ ਸੰਤੋਖ ਆਤਮ ਪਤੀਆਨ। ਮਨ ਤਨ ਨਾਮੇ ਨਾਮਿ ਸਮਾਨੇ ॥'

ਹੁਣ ਤਾਂ ਆਪ ਦੇ ਚਰਨਾਂ ਦੀ ਪ੍ਰੀਤੀ ਵਿਚ ਹੀ ਮੈਨੂੰ ਨਿਧੀਆਂ ਸਿਧੀਆਂ ਦਿਸ ਰਹੀਆਂ ਹਨ। ਹੋਰ ਕਿਸੇ ਚੀਜ਼ ਦੀ ਭਾਵਨਾ ਜਾਂ ਇਛਿਆ ਨਹੀਂ ਹੈ।

ਕੁਝ ਦਿਨ ਉਪ੍ਰੰਤ ਸੰਤ ਬਾਬਾ ਬੀਰ ਸਿੰਘ ਜੀ ਹਸਦਿਆਂ ਹੋਇਆਂ ਉਸ ਮਣੀ ਬਾਰੇ ਭਾਈ ਜਵਾਲਾ ਸਿੰਘ ਨਾਲ ਮਖੌਲ ਮਖੌਲ ਵਿਚ ਜ਼ਿਕਰ ਕਰ ਰਹੇ ਸਨ, ਤਾਂ ਭਾਈ ਜਵਾਲਾ ਸਿੰਘ ਨੇ ਅਰਜ਼ ਕੀਤੀ, ਦਾਤਾ ਏਹ ਸਾਰਾ ਕੌਤਕ ਤਾਂ ਆਪ ਨੇ ਵਰਤਾਇਆ, ਪਰ ਮੈਨੂੰ ਹੁਣ ਤਕ ਏਹ ਗਲ ਹੈਰਾਨ ਕਰ ਰਹੀ ਹੈ ਕਿ ਦਿਨ ਵਲੇ ਏਹ ਮਣੀ ਆਪ ਦੇ ਪਾਸ ਹੀ ਹੁੰਦੀ ਸੀ ਪਰ ਰਾਤ ਵੇਲੇ ਏਹ ਆਪ ਕਿਥੇ ਰਖ ਦਿੰਦੇ ਸਓ। ਆਪ ਜਾਣੀਜਾਣ ਓ, ਮੈਂ ਵੀ ਢੂੰਡਣ ਵਿਚ ਕਸਰ ਨਹੀਂ ਛਡੀ, ਪਰ ਏਹ ਗਲ ਬੁਝਾਰਤ ਹੀ ਬਣੀ ਰਹੀ। ਆਪ ਕਿਰਪਾ ਕਰੋ ਇਸ ਬੁਝਾਰਤ ਨੂੰ ਖੋਲ੍ਹ ਕੇ ਮੇਰੀ ਹਰਾਨੀ ਦੂਰ ਕਰਾਓ।

ਬਾਬਾ ਜੀ ਨੇ ਹਸਮੁਖ ਚੇਹਰੇ ਨਾਲ ਬਚਨ ਕੀਤਾ, ਭਾਈ ਜਵਾਲਾ ਸਿੰਘ, ਜਦੋਂ ਤੁਸੀਂ ਇਸ ਅਸਥਾਨ ਤੇ ਆਏ ਸਉ ਤੁਹਾਡੇ ਮਨ ਦਾ ਸੰਕਲਪ ਜਾਣ ਕੇ ਕਿ ਤੁਸੀਂ ਮਣੀ ਦੀ ਖਾਹਸ਼ ਰਖਦੇ ਹੋ, ਸ਼ਾਮ ਨੂੰ ਜਦੋਂ ਤੁਸੀਂ ਨਦੀ ਤੋਂ ਪਾਣੀ ਲੈਣ ਜਾਂਦੇ ਸੀ ਅਸੀਂ ਏਹ ਮਣੀ ਤੁਹਾਡੀ ਉਸ ਝਲੂੰਗੀ (ਝਲੇ) ਵਿਚ ਜੋ ਅਜ ਵੀ ਕਿਲੀ ਨਾਲ ਲਟਕ ਰਹੀ ਹੈ, ਪਾ ਦਿੰਦੇ ਸੀ ਕਿ ਏਹ ਭਾਈ ਜਵਾਲਾ ਸਿੰਘ ਨਿਰਾਸ ਹੋ ਕੇ ਆਪਣਾ ਝੋਲਾ ਚੁਕ ਕੇ ਆਪਣੇ ਘਰ ਚਲਾ ਜਾਵੇ ਤੇ ਨਾਲ ਹੀ ਮਣੀ ਵੀ ਲੈ ਜਾਵੇ, ਘਰ ਜਾ ਕੇ ਇਸ ਨੂੰ ਏਹ ਮਣੀ ਪ੍ਰਾਪਤ ਹੋ ਜਾਵੇਗੀ।

ਪਰ ਭਾਈ ਜਵਾਲਾ ਸਿੰਘ,ਏਹ ਮਣੀ ਤੁਹਾਡੇ ਭਾਗਾਂ ਵਿਚ ਨਹੀਂ ਸੀ ਸੋ ਤੁਸੀਂ ਪ੍ਰਾਪਤ ਨਹੀਂ ਕਰ ਸਕੇ। ਹੁਣ ਤੁਹਾਨੂੰ ਨਾਮ ਮਣੀ ਪ੍ਰਾਪਤ ਹੋ ਗਈ ਤਾਂ ਇਸ ਤੋਂ ਇਨਕਾਰੀ ਹੋ ਗਏ ਹੋ।

ਇਕ ਵਾਰ ਸਾਵਣ ਦੇ ਮਹੀਨੇ ਕੁਰੰਗ ਨਦੀ ਵਿਚ ਹੜ੍ਹ ਦਾ ਪਾਣੀ ਇਤਨਾ ਆਇਆ ਕਿ ਕਿਨਾਰੇ ਟਪ ਕੇ ਡੇਰੇ ਤੇ ਪਿੰਡ ਦੇ ਚੋਹੀਂ ਪਾਸੀਂ ਲਕ ਲਕ ਚੜ੍ਹ ਗਿਆ। ਭਾਈ ਜਵਾਲਾ ਸਿੰਘ ਨੇ ਬਾਬਾ ਜੀ ਪਾਸ ਅਰਜ਼ ਕੀਤੀ, ਮਹਾਰਾਜ ਸਮਾਂ ਭਿਆਨਕ ਹੋ ਰਿਹਾ ਹੈ, ਤੁਸੀਂ ਕੁਰੰਗ ਨਦੀ ਨੂੰ ਹੁਕਮ ਕਰੋ ਆਪਣਾ ਕ੍ਰੋਧ ਛਡੇ। ਬਾਬਾ ਜੀ ਨੇ ਹੱਸ ਕੇ ਕਿਹਾ ਭਾਈ ਜਵਾਲਾ ਸਿੰਘ,ਏਹ ਨਦੀ ਆਪਣੀ ਮਣੀ ਮੰਗਦੀ ਹੈ, ਇਸ ਨੂੰ ਦੇ ਦਿਓ, ਆਪੇ ਮੁੜ ਜਾਵੇਗੀ। ਭਾਈ ਜਵਾਲਾ ਸਿੰਘ ਨੇ ਬਾਬਾ ਜੀ ਦੀ ਆਗਿਆ ਪਾ ਕੇ ਮਣੀ ਨਦੀ ਵਿਚ ਵਗਾਹ ਮਾਰੀ। ਕਹਿੰਦੇ ਹਨ ਉਸ ਵੇਲੇ ਨਦੀ ਦਾ ਪਾਣੀ

ਉਤਰਨਾ ਸ਼ੁਰੂ ਹੋ ਗਿਆ ਤੇ ਅੱਧੇ ਘੰਟੇ ਵਿਚ ਆਪਣੇ ਕੰਢਿਆਂ ਦੇ ਅੰਦਰ ਚਲਾ ਗਿਆ। ਫਿਰ ਵੀ ਸਾਵਣ ਭਾਦਰੋਂ ਦੇ ਦਿਨਾਂ ਵਿਚ ਨਦੀ ਦਾ ਪਾਣੀ ਪਿੰਡ ਦੇ ਆਲੇ ਦੁਆਲੇ ਆਣ ਚੜ੍ਹਦਾ, ਪਰ ਅਰਦਾਸ ਕਰ ਕੜਾਹ ਪ੍ਰਸ਼ਾਦ ਵਰਤਾਣ ਤੇ ਆਪਣੀਆਂ ਹਦਾਂ ਵਿਚ ਚਲਾ ਜਾਂਦਾ ਤੇ ਕਦੇ ਕੋਈ ਜਾਨੀ ਜਾਂ ਫ਼ਸਲਾਂ ਦਾ ਨੁਕਸਾਨ ਨਹੀਂ ਸੀ ਕਰਦਾ।

ਕੁਝ ਕਾਲ ਗੁਰੂ ਚੇਲੇ ਦਾ ਸਮਾਂ ਬੜੇ ਪ੍ਰੇਮ ਤੇ ਕੁਸ਼ਲਤਾ ਨਾਲ ਲੰਘਦਾ ਗਿਆ। ਬਾਬਾ ਜੀ ਇਕ ਵਾਰ ਇਥੋਂ ਊਨੇ ਸਾਹਿਬ ਵੀ ਗਏ, ਪਰ ਆ ਕੇ ਕਈ ਚਿਰ ਟਿਕੇ। ਆਖਰੀ ਵਾਰ ਇਕ ਦਿਨ ਬਾਬਾ ਬੀਰ ਸਿੰਘ ਜੀ ਨੇ ਭਾਈ ਜਵਾਲਾ ਸਿੰਘ ਜੀ ਨੂੰ ਕਿਹਾ, ਹੁਣ ਅਸਾਂ ਤੀਰਥਾਂ ਦਾ ਰਟਨ ਕਰਨਾ ਹੈ, ਤੁਸੀਂ ਇਸ ਡੇਰੇ ਦੇ ਮਾਲਕ ਹੋ, ਨਾਮ ਬਾਣੀ ਤੇ ਵਿਦਿਆ ਦਾ ਪ੍ਰਵਾਹ ਚਲਾਓ।

ਸੋ ਤਿਆਰੀ ਸਮੇਂ ਦੋਹਾਂ ਗੁਰੂ ਸ਼ਿਸ਼ ਦੇ ਨੇਤ੍ਰਾਂ ਵਿਚੋਂ ਵਿਛੋੜੇ ਦੇ ਛਮ ਛਮ ਹੰਝੂ ਵਗ ਰਹੇ ਸਨ, ਆਸ ਪਾਸ ਦੇ ਸੈਂਕੜੇ ਪ੍ਰੇਮੀ ਇਕੱਤ੍ਰ ਹੋ ਬਾਬਾ ਜੀ ਨੂੰ ਢੋਲਕੀਆਂ ਛੈਣਿਆਂ ਨਾਲ ਸ਼ਬਦ ਗਾਇਨ ਕਰਦਿਆਂ ਤਿੰਨ ਮੀਲ ਰਾਵਲਪਿੰਡੀ ਤਕ ਵਿਦਾ ਕਰਨ ਗਏ। ਬਾਬਾ ਬੀਰ ਸਿੰਘ ਜੀ ਚਕ ਮਲਾ ਤੋਂ ਚਲ ਕੇ ਕੁਝ ਪ੍ਰੇਮੀਆਂ ਦੇ ਜਥੇ ਨਾਲ ਦੇਸ ਦਾ ਰਟਨ ਕਰਦੇ ਹੋਏ ਪਹਿਲਾਂ ਊਨੇ ਸਾਹਿਬ ਸ੍ਰੀ ਬਾਬਾ ਸਾਹਿਬ ਸਿੰਘ ਜੀ ਪਾਸ ਗਏ ਤੇ ਉਥੋਂ ਕੁਝ ਕਾਲ ਪਿਛੋਂ ਆਗਿਆ ਲੈਕੇ ਅਗੇ ਹੋਰ ਤੀਰਥਾਂ ਦੀ ਯਾਤ੍ਰਾ ਲਈ ਚਲ ਪਏ।

ਡੇਢ ਸਾਲ ਬਾਦ ਜਦ ਬਾਬਾ ਜੀ ਵਾਪਸ ਨਾ ਪਹੁੰਚੇ ਤਾਂ ਕਿਸੇ ਪ੍ਰੇਮੀ ਨੇ ਊਨੇ ਸਾਹਿਬ ਤੋਂ ਆ ਕੇ ਦਸਿਆ ਕਿ ਉਹ ੯-੧੦ ਫਗਣ ਦੀ ਰਾਤ ਊਨੇ ਸਾਹਿਬ ਆ ਕੇ ਸਮਾ ਗਏ ਹਨ। ਬਾਬਾ ਜਵਾਲਾ ਸਿੰਘ ਜੀ ਨੇ ਉਥੋਂ ਉਨ੍ਹਾਂ ਦੀ ਭਬੂਤੀ ਮੰਗਾ ਕੇ ਡੇਰੇ ਦੇ ਆਂਗਣ ਵਿਚ ਹੀ ਆਪ ਦੀ ਸਮਾਧੀ ਬਣਾਈ। ਇਸ ਡੇਰੇ ਵਿਚ ਬਾਬਾ ਜਵਾਲਾ ਸਿੰਘ ਜੀ ਨੇ ਬਹੁਤ ਰੌਣਕਾਂ ਲਾਈਆਂ। ਬਾਹਰੋਂ ਪ੍ਰੇਮੀ ਆ ਕੇ ਕਈ ਘਰ ਵਸੇ ਤੇ ਆਸ ਪਾਸ ਵੀ ਸਿਖਾਂ ਦੇ ਘਰ ਕਾਫੀ ਬਣ ਗਏ। ਇਸ ਨਗਰ ਜਿਸ ਦਾ ਨਾਂ ਹੁਣ ਚਕ ਬੀੜਾ ਸਿੰਘ ਸੀ, ਪੱਕਾ ਗੁਰਦੁਆਰਾ, ਬਾਗ, ਖੂਹ, ਫੁਲਵਾੜੀ, ਦਵਾਈਖਾਨਾ, ਪਾਠਸ਼ਾਲਾ ਜਾਰੀ ਕੀਤੀ ਜਿਥੇ ਇਲਾਕੇ ਦੇ ਬੱਚੇ ਬੱਚੀਆਂ ਗੁਰਮੁਖੀ ਵਿਦਿਆ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੰਗੇ ਪਾਠੀ ਬਣਦੇ ਸਨ।

ਇਸ ਪਿੰਡ ਚਕ ਬੀੜਾ ਸਿੰਘ, ਇਸ ਦੇ ਨਾਲ ਲਗਦੇ ਪਿੰਡਾਂ—ਘਘਰੋਟ, ਰਾਵਲ ਆਦਿ ਨਗਰਾਂ ਦੇ ਸੈਂਕੜੇ ਸਜਣ ਸੰਤ ਜਵਾਲਾ ਸਿੰਘ ਜੀ ਦੇ ਡੇਰੇ ਵਿਦਿਆ ਪਾ ਕੇ ਬਾਹਰ ਜਾ ਕੇ ਹੋਰ ਸ਼ਹਿਰਾਂ ਨਗਰਾਂ ਵਿਚ ਗ੍ਰੰਥੀ ਦੀ ਸੇਵਾ ਨਿਭਾਂਦੇ ਰਹੇ ਤੇ ਗੁਰਬਾਣੀ ਦਾ ਪ੍ਰਚਾਰ ਕਰ ਰਹੇ ਹਨ।

੧੯੪੭ ਤੋਂ ਪਹਿਲਾਂ ਇਸ ਡੇਰੇ ਵਿਚ ਜਿਥੇ ਸੰਤ ਬਾਬਾ ਬੀਰ ਸਿੰਘ ਜੀ ਤੇ ਸੰਤ ਬਾਬਾ ਜਵਾਲਾ ਸਿੰਘ ਜੀ ਦੀਆਂ ਸਮਾਧੀਆਂ ਨਾਲ ਨਾਲ ਸ਼ਸ਼ੋਭਤ ਸਨ, ਹਰ ਸਾਲ ਇਲਾਕੇ ਦੀਆਂ ਸੰਗਤਾਂ ਵਲੋਂ ੧੦ ਫਗਣ ਨੂੰ ਦੀਵਾਨ ਲਗਦਾ, ਸਾਰੀ ਰਾਤ ਜਾਗਾ, ਸ਼ਬਦ ਕੀਰਤਨ ਦਾ ਪ੍ਰਵਾਹ ਚਲਦਾ ਤੇ ਲੰਗਰ ਕੀਤਾ ਜਾਂਦਾ ਸੀ।

ਅਫ਼ਸੋਸ ਕਿ ਏਹ ਪਿੰਡ ੧੯੪੭ ਤੋਂ ਬਾਦ ਮੁਸਲਮਾਨਾਂ ਵਲੋਂ ਮਲੀਆਮੇਟ ਕਰ ਦਿਤਾ ਗਿਆ ਤੇ ਇਸ ਇਲਾਕੇ ਨੂੰ ਰਮਣੀਕ ਜਾਣ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਉਸਾਰੀ ਗਈ ਹੈ।

# ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇਵਤਰੂ
# ਅਥ ਕਥਾ ਪ੍ਰਸੰਗਾ

੪ ਸਕੰਧ ਉਤ੍ਰਾਰਧ

੯ ਅਧਯਾਯ

ਏਕ ਸੰਤ ਜਵਾਹਰ ਸਿੰਘ ਨਾਮ ਕਰਕੇ ਪ੍ਰਸਿਧ ਹੋਤੇ ਭਏ ਹੈਂ। ਸੋ ਪ੍ਰਥਮ ਕਾਲ ਮੈ ਸਿੰਘਪੁਰੀਏ ਸਰਦਾਰ ਪਾਸ ਨੌਕਰ ਰਹਿਤੇ ਥੇ। ਜਬ ਗੁਰੂ ਪਰਮੇਸਵਰ ਇਸ ਜੀਵ ਕੇ ਬੰਧਨ ਕਾਟਿਆ ਚਾਹਤਾ ਹੈ ਤਬ ਥੋੜੇ ਹੀ ਨਿਮਿਤ ਸੇ ਇਸ ਜੀਵ ਕੇ ਰਿਦੇ ਮੈ ਵੈਰਾਗ ਔ ਵਿਚਾਰ ਉਪਜ ਆਵਤੇ ਹੈ। ਸੰਤ ਜਵਾਹਰ ਸਿੰਘ ਸਿੰਘਪੁਰੀਏ ਸਰਦਾਰ ਕੇ ਪ੍ਰਯੰਕ ਕੇ ਪਹਰੇ ਕੀ ਨੌਕਰੀ ਕਰਤਾ ਥਾ। ਏਕ ਦਿਨ ਐਸਾ ਕਾਰਣ ਹੂਆ ਜੋ ਪੋਹ ਮਾਘ ਕੇ ਮਾਸਕੀ ਰਾਤ੍ਰੀ ਮੈ ਪ੍ਰਥਮ ਯਾਮ ਕਾ ਪਹਰਾ ਜਵਾਹਰ ਸਿੰਘ ਜੀ ਕਾ ਆ ਗਯਾ। ਤਿਸ ਰਾਤ੍ਰੀ ਮੈ ਪੁਰਾਪਵਨ ਬਡੇ ਜੋਰ ਸੇ ਚਲ ਰਿਹਾ ਥਾ। ਬਰਖਾ ਭੀ ਹੋ ਰਹੀ ਥੀ, ਏਕ ਤੋ ਕ੍ਰਿਸ਼ਨ ਪਖ ਕੀ ਕਾਲੀ ਰਾਤ੍ਰੀ, ਦੂਸਰੇ ਬਾਦਲੋਂ ਕਾ ਅੰਧਾਕਾਰ, ਤੀਸਰੇ ਬਡੇ ਬੇਗ ਸੇ ਵਾਯੂ ਚਲਤਾ ਥਾ। ਚੌਥੇ ਬਰਖਾ ਭੀ ਬਡੇ ਬੇਗ ਸੇ ਪੜ ਰਹੀ ਥੀ, ਤਿਸ ਕਾਲ ਮੈ ਬਡੇ ਸੂਰਬੀਰ ਸ੍ਰੀ ਜਵਾਹਰ ਸਿੰਘ ਜੀ ਭੀ ਕੰਧੇ ਪਰ ਬੰਦੂਕ ਉਠਾਇਕੇ ਬੰਗਲੇਕੇ ਦਰਵਾਜੇ ਸੇ ਬਾਹਰ ਬਡੇ ਸਾਵਧਾਨ ਹੋਕੇ ਖੜੇ ਥੇ। ਚਾਰੋਂ ਓਰ ਭਲੀ ਪ੍ਰਕਾਰ ਸੇ ਦ੍ਰਿਸ਼ਟੀ ਪਸਾਰ ਕੇ ਇਸਥਿਤ ਥਾ। ਜਬ ਤੀਨ ਘੰਟੇ ਵਿਤੀਤ ਹੋ ਗਏ ਔ ਪਹਰਾ ਬਦਲਨੇ ਕਾ ਸਮਾ ਹੂਆ ਤਬ ਸੰਤ ਜਵਾਹਰ ਸਿੰਘ ਨੇ ਦੂਸਰੇ ਪਹਰੇ ਵਾਲੇ ਕੋ ਜਗਾਯਾ। ਤਬ ਤਿਸ ਸਿਖ ਨੇ ਕਿਹਾ ਭਾਈ ਜੀ ਆਜ ਮੇਰਾ ਸਰੀਰ ਰਾਜੀ ਨਹੀਂ ਹੈ ਔ ਇਸ ਵਕਤ ਵਰਖਾ ਹੋ ਰਹੀ ਹੈ। ਤੇ ਸਰਦ ਵਾਜੂ ਚਲ ਰਿਹਾ ਹੈ ਮੈ ਇਸ ਸਮੇ ਮੈ ਪਹਰਾ ਨਹੀਂ ਦੇ ਸਕਤਾ। ਆਜ ਆਪ ਮੇਰਾ ਪਹਰਾ ਦੇ ਦੇਵਹੁ, ਕਲ ਕੇ ਦਿਨ ਮੈ ਆਪ ਕਾ ਭੀ ਪਹਰਾ ਦੇ ਦੇਵੌਂਗਾ। ਯੇ ਬਾਤ ਉਸ ਬਿਸਤਰੇ ਵਾਲੇ ਸਿੰਘ ਕੀ ਸੁਣ ਕੇ ਜਵਾਹਰ ਸਿੰਘ ਜੀ ਉਸ ਕਾ ਭੀ ਪਹਰਾ ਦੇਤੇ ਭਏ। ਜਬ ਆਧੀ ਰਾਤ੍ਰੀ ਵਿਤੀਤ ਭਈ ਤਬ ਤੀਸਰੇ ਪਹਰੇ ਵਾਲੇ ਕੋ ਜਗਾਯਾ ਤਬ ਤਿਸੀ ਪ੍ਰਕਾਰ ਤਿਸ ਨੇ ਭੀ ਕਿਹਾ ਕਿ ਭਾਈ ਸਾਹਿਬ ਜੀ ਆਜ ਆਪ ਮੇਰੀ ਜਗਹ ਪਹਰਾ ਦੇ ਦੇਵਹੁ, ਕਲ ਕੋ ਮੈਂ ਆਪ ਕੀ ਜਗਹ ਪਹਰਾ ਦੇ ਦੇਵੇਂਗਾ, ਆਜ ਮੇਰਾ ਸਰੀਰ ਢੀਲਾ ਹੈ। ਯੇ ਬਾਤ ਤੀਸਰੇ ਪਹਰੇ ਵਾਲੇ ਕੀ ਸੁਣ ਕੇ ਪੁਨਾ ਉਸਕਾ ਭੀ ਪਹਰਾ ਦੇਤੇ ਭਏ। ਜਬ ਤੀਨਯਾਮ ਰਾਤ੍ਰੀ ਵਤੀਤ ਹੋਈ ਇਸੀ ਰੀਤੀ ਸੇ ਤਬ ਭਾਈ ਜਵਾਹਰ ਸਿੰਘ ਨੇ ਬਿਚਾਰਾ ਕਿ ਅਬ ਤੋ ਏਕ ਯਾਮਨਿ ਸਾ ਰਹ ਗਈ ਹੈ ਅਬ ਚੌਥੇ ਪਹਰੇ ਵਾਲੇ ਕੋ ਕਿਆ ਜਗਾਵਨੋ ਹੈ, ਚਲੋ ਚੌਥਾ ਪਹਰਾ ਭੀ ਹਮ ਹੀ ਦੇ ਦੇਤੇ ਹਾਂ। ਐਸੇ ਵਿਚਾਰ ਕੇ ਉਸ ਨੇ ਚੌਥੇ ਪਹਰੇ ਵਾਲੇ ਕੋ ਨ ਜਗਾਯਾ।

ਬਰਖਾ ਔ ਵਾਯੂ ਕੇ ਬੇਗ ਕਾ ਬਡਾ ਸ਼ਬਦ ਹੋ ਰਹਾ ਥਾ, ਮਹਾਂ ਘੋਰ ਅੰਧਕਾਰ ਪਸਰ ਰਿਹਾ ਥਾ। ਜੇੜ ਦੋ ਘਟਕਾ ਰਾਤ੍ਰੀ ਰਹੀ ਤਬ ਸ੍ਰੀ ਜਵਾਹਰ ਸਿੰਘ ਕੇ ਬਡੇ ਉਤਮ ਭਾਗੋਂ ਕੇ ਉਦੈ ਹੋਣੇ ਸੇ ਤਿਸ ਕੇ ਮਨ ਮੇ ਵਿਚਾਰ ਔ ਵੈਰਾਗ ਆਇ ਉਪਜਿਆ। ਜੋ ਤਿਸ ਕੇ ਰਿਦੇ ਮੈ ਵਿਚਾਰ ਉਦਯ ਹੂਆ ਥਾ। ਸੋ ਉਸ ਕਾ ਰੂਪ ਪ੍ਰਗਟ ਕਰਕੇ ਲਿਖਤੇ ਹੈਂ। ਅਪਨੇ ਮਨ ਮੈ ਜਵਾਹਰ ਸਿੰਘ ਜੀ ਕਹਤੇ ਭਏ। ਜੈਸੇ ਦੋ ਹਾਥ ਦੋ ਪਾਦ ਦੋ ਨੇਤ੍ਰ ਦੋ ਕਾਨ ਏਕ ਨਾਕ ਏਕ ਮੁਖ ਵਾਲਾ ਯੇ ਮਾਨੁਖ ਹੈ, ਤੈਸੇ ਹੀ ਅੰਗੋਂ ਵਾਲਾ ਮਾਨੁਖ ਮੈਂ ਹੂੰ। ਮੇਰੇ ਮੈ ਔ ਇਸ ਮੈ ਕੁਛ ਯਦ ਕਿੰਚਤ ਭੀ ਭੇਦੀ ਫਰਕ ਨਹੀਂ ਹੈ, ਹੇ ਮਨ ਤੂੰ ਵਿਚਾਰ ਕੇ ਦੇਖ ਜੋ ਇਸ ਮੈ ਕਿਆ ਵਿਸੇਸ ਹੈ ਜੋ ਯੇ ਬਡੇ ਸੁਖ ਪੂਰਬਿਕ ਮੌਜ ਨਾਲ ਪ੍ਰਯੰਕ ਪਰ ਲੇਫ ਨਿਹਾਲੀ ਲੈਕੇ ਸੋਯਾ ਪੜਾ ਹੈ। ਅਰ ਹਮ ਇਸ ਕੀ ਰਖਿਆ ਅਰਥ ਬੰਦੂਕ ਦਸ ਸੇਰ ਪਕੇ ਕੀ ਉਠਾਇ ਕੇ ਰਾਤ੍ਰੀ ਭਰ ਖੜੇ ਰਹੇ ਹਾਂ। ਇਸ ਕੇ ਸਰੀਰ ਮੈ ਕੌਨ ਸੀ ਅਧਿਕਤਾ ਹੈ ਔ ਹਮਾਰੇ ਮੈ ਕੌਨ ਸੀ ਨਯੂਨਤਾ ਹੈ। ਔਰ ਤੋ ਕੁਛ ਨਹੀਂ ਏਕ ਤ੍ਰਿਸਨਾ ਕਰਕੇ ਮਨ ਕੀ ਕਾਇਰਤਾ ਹੀ ਹੈ। ਹੇ ਮਨ ਤੁਝ ਕੋ ਧਿਕਾਰ ਹੈ ਕਾਹੇ ਤੇ ਜੈਸੇ ਤੂੰ ਏਕ ਅੰਨ ਬਸਤ੍ਰ ਕੇ ਅਰਥ ਸਾਰੀ ਰਾਤ੍ਰ ਸਿਆਲ ਕੀ ਮੈ ਵਾਯੂ ਔ ਬਰਖਾ ਹੋਤੀ ਮੈ ਜਿਸ ਮੈ ਮਹਾਂ ਘੋਰ ਸਰਦੀ ਜਾੜਾ ਪੜ ਰਹਯੋ ਹੈ ਤੂੰ ਬੰਦੂਕ ਉਠਾ ਕੇ ਖੜਾ ਹੋ ਕੇ ਪਹਰਾ ਦੇਤਾ ਰਿਹਾ ਹੈ। ਇਸ ਪ੍ਰਕਾਰ ਸੇ ਜੇ ਤੂੰ ਪਰਮੇਸਵਰ ਮੈ ਚਿਤ ਲਗਾਇ ਕੇ ਪ੍ਰੇਮ ਸੇ ਖੜਾ ਹੋਕੇ ਭਜਨ ਕਰਤਾ ਤਬ ਕਿਆ ਈਸਵਰ ਅੰਨ ਪਾਨ ਬਸਤ੍ਰ ਆਦਿਕੋਂ ਕੀ ਤੁਝ ਕੂੰ ਪ੍ਰਵਾਹ ਰਹਣੇ ਦੇਤਾ। ਅਰੇ ਬੇਭਰੋਸੇ ਵਾਲੇ ਮਨ, ਜੋ ਈਸਵਰ ਭਗਵੰਤ ਕੋ ਕੋਟਾਨ ਕੋਟਿ ਬ੍ਰਹਮਾਂਡੋਂ ਕੋ ਦੇ ਰਹਯੋ ਹੈ ਸੋ ਤੇਰੇ ਕੋ ਕਿਆ ਨਹੀਂ ਦੇਤਾ। ਜੋ ਤੂੰ ਏਕ ਅੰਨ ਬਸਤ੍ਰ ਕੇ ਅਰਥ ਕੇ ਦੀਨ ਪੜਾ ਹੋਤਾ ਹੈ। ਕਿਆ ਤੇਰੀ ਪ੍ਰਾਰਬਧ ਭਗਵੰਤ ਨੇ ਨਹੀਂ ਰਚੀ ਹੈ। ਜਿਸ ਭਗਵੰਤ ਨੇ ਤੇਰੇ ਕਰਣ ਨੇਤ੍ਰ ਰਸਨਾ ਤ੍ਵਚਾ ਘ੍ਰਾਣ ਹਸਤ ਪਾਦ ਵਾਕ ਪਾਯੂ ਉਪਸਥ ਅੰਨ ਪਾਨ ਦਾਂਤ ਸਰਬ ਪ੍ਰਕਾਰ ਸੇ ਸੁਖ ਔ ਸੁਖ ਕੇ ਸਾਧਨ ਦੀਏ ਹੈਂ। ਤੇਰੇ ਕੋ ਇਸ ਸਰਦਾਰ ਜੈਸਾ ਅਥਵਾ ਸਰਦਾਰ ਸੇ ਭੀ ਅਧਿਕ ਬਨਾਇਆ ਹੈ ਸੋ ਉਸ ਪਰਮੇਸਵਰ ਕੋ ਛੋਡ ਕੇ ਏਕ ਪੇਟ ਕੇ ਭਰਣ ਵਾਸਤੇ ਤੂੰ ਦੁਖੀ ਦਰਿਦ੍ਰੀ ਤ੍ਰਿਸਨਾ ਰੂਪੀ ਅਗਨਿ ਕਰਕੇ ਜਲੇ ਹੂਏ ਮਾਨੁਖੋਂ ਕੇ ਦੀਨ ਹੋਤਾ ਫਿਰਤਾ ਹੈ ਤਾਂ ਤੇ ਤੁਝ ਕੋ ਧਿਕਾਰ ਹੈ। ਜੋ ਭਗਵੰਤ ਕੋਟਾਨ ਕੋਟਿ ਬ੍ਰਹਮਾਂਡੋਂ ਕਾ ਸਵਾਮੀ ਹੈ ਸਰਬ ਬ੍ਰਹਮਾਂਡ ਕੇ ਅੰਤਰ ਵਰਤੀ ਜੀਵੋਂ ਕਾ ਭਰਣ ਪੋਖਣ ਕਰਤੇ ਹੈ ਬਿਸ਼ੰਬਰ ਜਿਸ ਕਾ ਨਾਮ ਹੈ ਜੋ ਭਗਵੰਤ ਸਾਰੀ ਬਿਸ੍ਵ ਕੋ ਭਰ ਰਹਯੋ ਹੈ ਜਬ ਤਿਸ ਭਗਵੰਤ ਕੋ ਤੂੰ ਭਜੇਗਾ ਕਿਆ ਵਹੁ ਈਸ਼ਵਰ ਤੇਰਾ ਹੀ ਪੇਟ ਨ ਭਰੇਗਾ। ਜੋ ਬ੍ਰਹਮਾ ਤੇ ਆਦੀ ਚੀਟੀ ਪ੍ਰਯੰਤ ਸਭ ਕੋ ਦੇ ਰਹਯੋ ਹੈ ਯਾਵਤ ਆਯੁਰਬਲ ਹੈ ਤਾਵਤ ਸਰਬ ਕੀ ਰਖਿਆ ਕਰਤੇ ਹੈ। ਸੋ ਉਸ ਭਗਵੰਤ ਸੇ ਭੀ ਅਧਿਕ ਜਾਨ ਕੇ ਤੂੰ ਮਾਨਖ ਏਕ ਕੇ ਅਧੀਨ ਹੋਕੇ ਅਪਨੇ ਉਦਰ ਕੋ ਪੂਰਤਾ ਹੈ। ਤਾਂ ਤੇ ਤੁਝ ਕੋ ਧਿਕਾਰ ਹੈ ਜੋ ਐਸੇ ਸਾਮਰਥ ਭਗਵੰਤ ਕੋ ਛੋਡ ਕੇ ਧਨ ਕੀ ਤ੍ਰਿਸਨਾ ਕਰਕੇ ਸੜੇ ਹੋਏ ਇੰਦ੍ਰਯੋਂ ਕੇ ਅਧੀਨ ਪਰਮ ਦੁਖੀ ਦਰਿਦ੍ਰੀ ਤ੍ਰਿਸ਼ਨਾਲੂ ਐਸੇ ਮਾਨੁਖੋਂ ਕੇ ਦੀਨ ਹੋ ਕੇ ਤੂੰ ਅਪਨਾ ਉਦਰ ਭਰਤਾ ਹੈਂ। ਜੋ ਪਰਮ ਉਪਕਾਰ ਕਰਨੇ ਵਾਲੇ ਭਗਵੰਤ ਕੋ ਭੁਲਾਏ ਕੇ ਮਾਨੁਖ ਕਾ ਭਰੋਸਾ ਕਰੇ ਉਸ ਸ਼ਰੀਰ ਕੋ ਏਹ ਸਜਾਇ ਦੇਣੀ ਉਚਿਤ ਹੀ ਹੈ ਕਿਆ ਜੋ ਏਕ ੨ ਮਾਨੁਖ ਕੀ ਸਵਾਰਥ ਵਾਸਤੇ ਦੀਨਤਾ ਰੂਪੀ ਸਜਾਇ ਹੈ। ਅਰੇ ਨੀਚ ਮਨ ਅਬ ਤੋ ਤੈਨੇ ਭਗਵੰਤ ਕੋ ਭੁਲਾਇਕੇ ਪਰਾਧੀਨਤਾ ਰੂਪੀ ਬਹੁਤ ਹੀ ਸਜਾਇ ਭੋਗ ਲਈ ਹੋਈ ਹੈ। ਅਬ ਤੋ ਬਸ ਕਰ ਇਸ ਪਰਾਧੀਨਤਾ ਰੂਪੀ ਨਰਕ ਕਾ ਅਬ ਤੋ ਤਿਆਗ ਕਰਕੇ ਪਰਮੇਸ਼ਵਰ ਪਰਾਇਣ ਹੋ। ਅਪਣੇ ਗਿਰੀਵਾਨ

ਮੇ ਤੂੰ ਮੁਖ ਪਾਇ ਕੇ ਦੇਖਤੋ ਨਹੀਂ ਅਰਥਾਤ ਅਪਨੇ ਰਿਦੇ ਮੈ ਤੂੰ ਵਿਚਾਰ ਕੇ ਦੇਖ ਜੋ ਏਕ ਤੋ ਪੋਹ ਮਾਘ ਕੀ ਮਹਾਂ ਸੀਤ ਰਾਤ੍ਰੀ ਦੂਸਰਾ ਵ ਯੂ ਔ ਬਰਖਾ ਤੀਸਰਾ ਮਹਾਂਘੋਰ ਅੰਧਕਾਰ ਐਸੇ ਸਮੇ ਮੇ ਤੂੰ ਕਮਰਕਸਾ ਕਰਕੇ ਤੀਨ ਧੜੀ ਕੀ ਬਦੂਕ ਉਠਾ ਕੇ ਇਸ ਕੀ ਰਖਿਆ ਅਰਥ ਖੜਾ ਹੈ। ਤੇਰੀ ਰਖਿਆ ਹੋ ਮਨ ਕੋਨ ਕਰਤੋ ਹੈ ਔ ਯੇ ਸਰਦਾਰ ਨਿਸਚਿੰਤ ਹੋ ਕੇ ਲੇਫ ਨਿਹਾਲੀ ਮੈ ਪੜ ਕੇ ਪ੍ਰਯੰਕ ਪਰ ਸੋਇਆ ਹੂਆ ਹੈ ਔ ਤੂੰ ਖੜਾ ਹੈ ਤਾਂ ਤੇ ਤੇਰੇ ਕੋ ਅਧਿਕ ਤੇਰੇ ਸੇ ਬਿਨਾ ਨਾਲਾਇਕ ਅਰਥਾਤ ਅਯੋਗ ਪੁਰਖ ਕੋਨ ਹੈ ਏਕ ਤੂੰ ਹੀ ਐਸਾ ਕ੍ਰਿਤਘਨ ਔ ਮੂਰਖ ਹੈ। ਜੇ ਤੂੰ ਸ੍ਰੀ ਪਰਮੇਸਵਰ ਜੀ ਕਾ ਉਪਕਾਰ ਸਮਝ ਕੇ ਇਸ ਸਮੇਂ ਮੈ ਇਤਨਾ ਕਾਲ ਖੜਾ ਹੋਕੇ ਸ੍ਰੀ ਪਰਮੇਸਵਰ ਜੀ ਕਾ ਅਰਾਧਨ ਕਰਤਾ ਤਬ ਜਾਨੇ ਕਿਸ ਪਦਵੀ ਕੋ ਪ੍ਰਾਪਤ ਹੋਤਾ। ਐਸੇ ਵਿਚਾਰ ਕਰਕੇ ਪ੍ਰਾਤਾਕਾਲ ਹੋਤੇ ਹੀ ਢਾਲ ਤਲਵਾਰ ਬੰਦੂਕ ਤਮਾਚਾ ਬਰਛੀ ਬਰਦੀ ਯੇ ਸਰਬ ਸਸਤਰੋਂ ਕਾ ਕਮਰਕਸਾ ਉਤਾਰ ਕੇ ਸਰਦਾਰ ਕੇ ਪ੍ਰਯੰਕ ਪਰ ਰਖ ਦੇਤਾ ਭਇਆ। ਤਦਨੰਤਰ ਸਰਦਾਰ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਇਕੇ ਜਬ ਚਲਨੇ ਲਾਗਾ ਤਬ ਸਿੰਘਪੁਰੀਏ ਸਰਦਾਰ ਨੇ ਵਿਚਾਰਿਆ ਜੋ ਏਹ ਭਾਈ ਜਵਾਹਰ ਸਿੰਘ ਤੋ ਸਰਬ ਤਿਆਗ ਕਰ ਚਲਿਓ ਹੈ। ਤਬ ਸਰਦਾਰ ਨੇ ਕਿਹਾ ਕਿ ਕਿਉਂ ਭਾਈ ਸਾਹਿਬ ਜੀ ਬਰਦੀ ਉਤਾਰ ਕੇ ਅਬ ਆਪ ਕਹਾਂ ਚਲੇ ਹੋ ਤੁਮ ਕੋ ਕਿਸੀ ਨੇ ਕੁਛਕੁ ਵਾਕ ਕਹਥੋ ਹੈ। ਅਥਵਾ ਔਰ ਕਾਰਣ ਹੈ। ਬੈਠੋ ੨ ਹਮਾਰੀ ਬਾਤ ਤੋ ਸੁਣਹੁ। ਸ੍ਰੀ ਜਵਾਹਰ ਸਿੰਘੋ ਵਾਚ: ਨਾ ਤੋ ਹਮ ਕੋ ਕਿਸੀ ਨੇ ਕੁਵਾਕ ਹੀ ਕਹਯੋ ਹੈ, ਨਾ ਹੀ ਅਵਰ ਕੋਈ ਕਾਰਣ ਹੈ। ਅਬ ਹਮ ਸ੍ਰੀ ਭਗਵੰਤ ਕੀ ਨੌਕਰੀ ਕਰੈਗੇ। ਅਬ ਕਿਸੀ ਮਾਨੁਖ ਕੀ ਨੌਕਰੀ ਨਹੀ ਕਰੈਗੇ। ਪੁਨਾ ਸਰਦਾਰ ਬਹੁਤ ਸਾ ਲਾਲਚ ਭੀ ਦਿਖਾਇ ਰਹਯਾ ਕਹਤਾ ਭਯਾ ਕਿ ਭਾਈ ਸਾਹਿਬ ਜੀ ਆਪ ਮਤ ਜਾਵਹੁ, ਪਹਰਾ ਭੀ ਆਜ ਸੇ ਤੁਮਾਰਾ ਮਾਫ, ਤਲਬ ਭੀ ਆਗੇ ਸੇ ਦੂਗਣੀ ਚਤੁਰਗੁਣੀ ਲੇਵਹੁ ਪਰੰਤੂ ਜਾਵਹੁ ਨਾਹੀ। ਤਬ ਭੀ ਉਸ ਕਾ ਕਹਿਣਾ ਸ੍ਰੀ ਜਵਾਹਰ ਸਿੰਘ ਜੀ ਨੇ ਨਹੀਂ ਮਾਨਯਾ। ਪੁਨਾ ਸਰਦਾਰ ਨੇ ਕਹਯਾ ਕਿ ਅਛਾ ਭਾਈ ਸਾਹਿਬ ਜੀ ਆਪ ਪਿੰਡ ਲੇ ਲੇਵਹੁ। ਆਪ ਕੇ ਨਾਮ ਹਮ ਕਰ ਦੇਤੇ ਹੈਂ। ਆਪ ਭੀ ਛਕੋ ਆਏ ਗਏ ਸਿਖ ਸੰਤ ਕੋ ਭੀ ਛਕਾਵਹੁ ਪਰੰਤੂ ਹਮਾਰੇ ਪਾਸ ਤੇ ਜਾਵਹੁ ਨਹੀਂ। ਸ੍ਰੀ ਜਵਾਹਰ ਸਿੰਘ ਕੇ ਮਨ ਮੈ ਐਸਾ ਸ੍ਰੀ ਗੁਰੂ ਜੀ ਕ ਚਰਣ ਕਮਲੋਂ ਮੈ ਪ੍ਰੇਮ ਉਤਪਤ ਹੂਆ ਜੋ ਲੋਭ ਆਦਿਕ ਸਮੁੱਦ੍ਰ ਕੀ ਲਹਰ ਇਨ ਕੇ ਮਨ ਕੋ ਸਪਰਸ ਨਾ ਕਰਤੀ ਭਈ। ਅਰੇ ਪ੍ਰੇਮ ਤੂੰ ਬੁਰੀ ਬਲਾਇ। ਲੋਭਾਦੀ ਤੈ ਦੀਏ ਬਹਾਇ। ਕਾਮ ਕ੍ਰੋਧ ਤੈ ਗਰਦਨ ਮਾਰੇ। ਮੋਹਾਦਿਕ ਕੋ ਮੂਲ ਉਖਾਰੇਂ॥ ੧॥ ਜੋ ਜੋ ਸਿੰਘ ਪੁਰੀਏ ਸਰਦਾਰ ਨੇ ਲੋਭ ਦਿਖਾਯਾ ਥਾ। ਤਿਸ ਸਮੇ ਮੇ ਸ੍ਰੀ ਜਵਾਹਰ ਸਿੰਘ ਕੋ ਕੁਛ ਭੀ ਅਛੇ ਨ ਲਗਤੇ ਭਯੇ। ਬਚਨ ਕੀਆ ਕਿ ਹੇ ਰਾਜਨ ਯੇ ਪਦਾਰਥ ਅਬ ਹਮਾਰੇ ਕਿਸੇ ਕਾਮ ਨਹੀਂ ਹੈਂ। ਯੇ ਸਕਲੇ ਪਦਾਰਥ ਸੰਸਾਰ ਔ ਸਰੀਰ ਸਹਤ ਖਿਨ ਭੰਗਰ ਹੈਂ ਔ ਅਨਿਤਜ ਹੈਂ ਸਰਬਦਾ ਕਾਲ ਮਨ ਮੈ ਤਾਪ ਪਾਪ ਤ੍ਰਿਸਨਾ ਆਦਿਕ ਕਲੇਸੋਂ ਕੋ ਉਤਪਤ ਕਰਕੇ ਆਪ ਨਸ਼ਟ ਹੋ ਜਾਤੇ ਹੈ। ਜੈਸੇ ਦੀਪ ਕੀ ਸਿਖਾ ਕਾਲਖ ਕੋ ਉਤਪਤ ਕਰਕ ਆਪ ਨਸ਼ਟ ਹੋ ਜਾਤੀ । ਪੀਛੇ ਕਾਲਖ ਕੋ ਛੋਡ ਜਾਤੀ ਹੈ ਤਦਵਤ ਯੇ ਤੁਮਾਰੇ ਪਦਾਰਥ ਅਬ ਤੁਮਾਰੇ ਪਾਸ ਹੀ ਰਹੈਂ ਹਮਾਰੇ ਕਿਸੇ ਕਾਮ ਨਹੀਂ ਹੈ। ਐਸੇ ਕਹਕੇ ਬਡੇ ਬੇਗ ਸੇ ਸਰਦਾਰ ਕੋ ਫਤੇ ਬੁਲਾਇ ਕੇ ਚਲ ਦੇਤੇ ਭਏ। ਪਰਮ ਵੈਰਾਗ ਕੋ ਧਾਰ ਕੇ ਨਿਰੰਤਰ ਸ੍ਰੀ ਨਾਰਾਇਣ ਜੀ ਕਾ ਸਿਮਰਣ ਕਰਤੇ ਹੂਏ ਅਤਿ ਬੇਗ ਸੇ ਚਲੇ ਜਾਵੈ, ਬਨ ਨਦੀਆਂ ਪਰਬਤੋਂ ਕੋ ਉਲੰਘਤੇ ਹੂਏ ॥ ਤਥਾਚ ਗੁਰੂ ਸਬਦ। ਕਬੀਰ ਬਿਰਹੁ ਭੁਇਅੰਗਮ ਮਨ ਬਸੈ ਮੰਤ ਨ ਮਾਨੇ ਕੋਇ। ਰਾਮ ਬਿਓਗੀ ਨ ਜੀਐ ਜੀਐ ਤ ਬਉਰਾ

ਹੋਇ ।। ਇਤਿਆਦੀ ।। ਸੋ ਇਸ ਪ੍ਰਕਾਰ ਸੇ ਸੰਤ ਜਵਾਹਰ ਸਿੰਘ ਜੀ ਸ੍ਰੀ ਪਰਮੇਸਵਰ ਜੀ ਕਾ ਬਜੋਗੀ ਹੋਕੇ ਅਪਨੇ ਨਾਮ ਕੋ ਸਫਲ ਕਰਤਾ ਹੂਆ ਸਰਦਾਰ ਕੇ ਪਾਸ ਸੇ ਬੇਗ ਸੇ ਚਲਾ ਜਾਤਾ ਭਯਾ । ਕਿਸ ਰੀਤੀ ਸੇ ਤਿਸ ਨੇ ਅਪਨੇ ਨਾਮ ਕੋ ਸਫਲ ਕੀਆ ਹੈ ਸੋ ਸੁਣੋ । ਜਵ ਨਾਮ ਬੇਗ ਕਾ ਹੈ ਹਰ ਨਾਮ ਹਰ ਲੇਨੇ ਕਾ ਹੈ ਹਰ ਲੇਨਾ ਖੋਸਲੇਨਾ ਚੁਰਾਇ ਲੇਨਾ ਆਦਿਕ ਏਕ ਹੀ ਵਸਤੂ ਕੇ ਨਾਮ ਹੈ । ਸਿੰਘ ਨਾਮ ਹਿੰਸਕ ਕਾ ਹੈ ਹਿੰਸਨ ਕਰੇ ਜੋ ਮਾਰਣੇ ਵਾਲਾ ਹੋਵੇ ਤਿਸ ਕੋ ਸਿੰਘ ਭੀ ਕਹਤੇ ਹੈਂ ਤਿਸ ਕੋ ਹਿੰਸਕ ਭੀ ਕਹਤੇ ਹੈਂ । ਸਿੰਘਵਰਣ ਵ ਪਸਯਾਤ । ਹਿੰਸ ਸਬਦ ਕੇ ਸਸੇ ਕੋ ਆਗੇ ਪੂਰਬ ਕਰ ਦੀਆ ਔਹ ਸਬਦ ਕੋ ਉਤਰ ਕਰ ਦੀਆ ਤਬ ਸਿੰਹ ਐਸਾ ਸੁਧ ਸ਼ਬਦ ਉਚਾਰਣ ਹੋਤਾ ਹੈ ਭਾਖਾ ਮੈ ਸੁਖਾਲੀ ਰੀਤੀ ਸੇ ਸਿੰਹ ਕੀ ਜਗਹ ਸਿੰਘ ਸੁਖੇਨ ਐਸਾ ਉਚਾਰਣ ਕਰਤੇ ਹੈਂ । ਸੋ ਜਵਾਹਰ ਸਿੰਘ ਨਾਮ ਕੀ ਯੇ ਵਿਤਪਤੀ ਹੈ ਜੇਵੇਂ ਜਨਮ ਮਰਣ ਰੂਪੀ ਬੇਗੰ ਹਰਤਿ ਇਤਿ ਜਵਾਹਰ ਅਵਿਦਜਾ ਤਤਕਾਰਯੰਹੰਤਿ ਇਤਿ ਸਿੰਘ : ਅਰਥਾਤ ਜਨਮ ਔ ਮਰਣ ਕੇ ਬੇਗ ਕੋ ਹਰੇ ਸੋ ਕਹਾਵੇ ਜਵਾਹਰ ਅਵਿਦਯਾ ਤਤਕਾਰਯ ਕੋ ਜੋ ਹਨਨ ਕਰੇ ਸੋ ਕਹਾਵੇ ਸਿੰਘ ਦੋਨੋ ਕੇ ਸਮਦਾਯ ਕਾ ਨਾਮ ਜਵਾਹਰ ਸਿੰਘ ਹੋਤੋ ਹੈ ਤਹਾਂ ਤੇ ਆਇਕੇ ਅਪਨੇ ਡੇਰੇ ਮੈ ਜਿਤਨਾਕ ਪਦਾਰਥ ਥਾ ਲੇਨੇ ਯੋਗ ਸਾਥ ਲੈ ਲੀਆ ਔਰ ਬਾਕੀ ਕਾ ਸਾਰਾ ਸਾਧੂ ਬ੍ਰਹਮਨੋਂ ਕੋ ਉਠਾਇ ਦੀਆ ਦਾਨ ਕਰ ਦੀਆ । ਜਬ ਅਪਨੇ ਪੁਨ: ਡੇਰੇ ਸੇ ਚਲਨੇ ਲਾਗਾ ਤਬ ਤਿਸ ਕੇ ਮਿਤ੍ਰ ਸਾਜਨ ਲਾਗੇ ਵਿਰਲਾਪ ਕਰਣੇ ਤਬ ਸ੍ਰੀ ਜਵਾਹਰ ਸਿੰਘ ਨੇ ਸਭ ਸੇ ਛਿਨਕ ਮੈ ਪ੍ਰੀਤੀ ਕਚੀ ਤੰਦ ਕੀ ਫਾਸੀ ਵਤ ਤੋੜਕੇ ਝਟ ਪਟ ਚਲ ਦੀਆ ।। ੧ ।। ਸ੍ਰੀ ਗੁਰੋ ਵਾਚ ।। ਹੇ ਸਿਖ ਜਬ ਅਪਨੇ ਅਸਥਾਨ ਸੇ ਚਲਾ ਤਬ ਪਰਮ ਵੈਰਾਗਵਾਨ ਏਕਾ ਏਕੀ ਹੋ ਕੇ ਜਾਤਾ ਭਯਾ । ਦੇਸ ਗ੍ਰਾਮ ਨਗਰ ਪਤਨ ਪਰਬਤ ਨਦੀਆਂ ਕੋ ਉਲੰਘਤਾ ਦੂਰ ਨਿਕਸ ਜਾਤਾ ਭਯਾ ਨਿਰਾਲਸ ਹੋਕੇ ਰਾਤ੍ਰ ਦਿਨ ਚਲਾ ਹੀ ਜਾਵੇ । ਪੁਨਾ ਤਿਸ ਨੇ ਚਲਤੇ ੨ ਮਨ ਮੈ ਬਿਚਾਰ ਕੀਆ ਜੋ ਗੁਰੂ ਬਿਨਾ ਗਤਿ ਨਹੀ ਹੈ। ਵੇਦ ਸਾਸਤ੍ਰ ਪੁਰਾਣ ਸਿਮ੍ਰਤੀਆਂ ਗੁਰੂ ਗ੍ਰੰਥ ਸਾਹਿਬ ਜੀ ਸੰਤ ਗੁਰੂ ਕੁਰਾਣ ਕਤੇਬ ਆਦਿਕ ਕਾ ਏਹੀ ਸਿਧਾਂਤ ਹੈ ਬਿਨਾ ਗੁਰੂ ਸੋ ਕੋਈ ਵਿਦਿਆ ਨਹੀਂ ਪ੍ਰਾਪਤ ਹੋਤੀ ਹੈ ਔਰ ਨ ਸਫਲ ਹੋਤੀ ਹੇ ਔਰ ਨਾ ਮੁਕਤ ਹੋਤੇ ਹੈ। ਜਬ ਬਿਵਹਾਰਕ ਵਿਦਿਆ ਬਿਨਾਂ ਗੁਰੂ ਨਹੀਂ ਪ੍ਰਾਪਤ ਹੋਤਾ ਤਬ ਭਲਾ ਬ੍ਰਹਮ ਵਿਦਜਾ ਗੁਰੂ ਬਿਨਾ ਕੈਸੇ ਪ੍ਰਾਪਤ ਹੋ ਸਕੇ ਹੈ। ਯਾਂ ਤੇ ਗੁਰੂ ਅਵਸਜ਼ ਮੇਵ ਧਾਰਣੇ ਯੋਗ ਹੈ। ਕੋਈ ਖੋਜ ਕੇ ਐਸਾ ਗੁਰੂ ਧਾਰੀਏ ਜੋ ਅੰਤਰਯਾਮੀ ਭੀ ਹੋਵੇ ਸਮਰਥ ਭੀ ਹੋਵੇ ਤਥਾ ਸਿਖੀ ਧਰਮ ਮੈ ਭੀ ਇਸਥਿਤ ਹੋਵੇ ਅਰਥਾਤ ਸਿੰਘ ਰੂਪ ਹੋਵੇ ਉਸ ਨੂੰ ਗੁਰੂ ਧਾਰੀਏ । ਐਸੇ ਵਿਚਾਰ ਕਰਕੇ ਜਹਾਂ ਕੋਈ ਸੰਤ ਨਗਰ ਮੈ ਅਥਵਾ ਬਨ ਮੈ ਸੁਣੇ ਤਹਾਂ ਹੀ ਦਰਸਨ ਕਰਤਾ ਜਾਵੇ ਯਥਾਸ਼ਕਤ ਆਗੇ ਭੇਟਾ ਰਖ ਕੇ ਮਥਾ ਟੇਕੇ ਦਰਸਨ ਕਰੇ ਐਸੀ ਰੀਤੀ ਸੇ ਕਰਤਾ ਹੂਆ ਕਹੂ ਏਕ ਰਾਤ੍ਰਿ ਨਿਵਾਸ ਕਰਕੇ ਕਹੂੰ ਦੋ ਕਹੂੰ ਏਕ ਦਿਨ ਕਹੂੰ ਦੋ ਦਿਨ ਠਹਰੇ ਪਰੰਤੂ ਸ੍ਰੀ ਜਵਾਹਰ ਸਿੰਘ ਜੀ ਕਾ ਮਨ ਕਿਸੀ ਪਰ ਨ ਪਤੀਜਤਾ ਭਯਾ । ਐਸੀ ਹੀ ਰੀਤੀ ਸੇ ਵਰਤਤਾ ਹੂਆ ਸ੍ਰੀ ਗੰਗਾ ਯਮੁਨਾ ਮਥੁਰਾ ਆਦਿਕ ਮਥੁਰਾ ਬ੍ਰਿੰਦਾਬਨ ਪ੍ਰਯਾਗ ਰਾਜ ਪੁਸ਼ਕਰ ਤੀਰਥ ਗੁਰੂ ਕਾਂਸੀ ਗਯਾ ਪਟਨਾ ਬੈਜਨਾਥ ਜਜੋਤੀ ਲਿੰਗ ਗੰਡਕਾ ਗੋਮਤੀ ਸਰਯੂ ਅਯੁਧਯਾ ਹਰੀਹਰਿ ਛੇਤ੍ਰ ਬ੍ਰਹਮ ਪੁਤ੍ਰ ਗੰਗਾ ਸੰਗਮ ਗੰਗਾ ਸਾਗਰ ਜਗੰ ਨਾਥ ਕ੍ਰਿਸ਼ਨਾ ਤਾਂਬਰ ਪਰਣੀ ਬੇਣੀ ਕ੍ਰਿਸ਼ਨਾ ਸ਼ੰਗਮ ਨਰਸਿੰਘਪਣਾ ਅਬਚਲਾ ਨਗਰ ਸਾਹਿਬ ਬਾਲਾ ਜੀ ਰਾਮੇਸ਼ਵਰ ਤਿਲੰਗੰਜੀ ਸਾਹਿਬ ਦਵਾਰਕਾ ਨਾਥ ਆਦਿਕ ਸਰਬ ਤੀਰਥ ਪਰਸਤਾ ਹੂਆ ਬਿਚਰਤਾ ਭਯਾ । ਪਰੰਤੂ ਤਿਸ ਕੇ ਮਨ ਕੋ ਸ਼ਾਂਤੀ ਨ ਆਈ

ਤਿਸ ਕੀ ਮਨਸਾ ਪੂਰੀ ਨ ਹੂਈ । ਔ ਨ ਕੋਈ ਅੰਤਰਯਾਮੀ ਸਾਮਰਥ ਸਿਖੀ ਧਰਮ ਵਾਲਾ ਸਿੰਘ ਰੂਪ ਤਿਸ ਕੋ ਗੁਰੂ ਹੀ ਮਿਲਯਾ ਹੈ । ਸੰਤ ਜਵਾਹਰ ਸਿੰਘ ਤਬ ਅਪਨੇ ਮਨ ਕਰਕੇ ਬੜਾ ਦੁਖੀ ਹੋਤਾ ਭਯਾ ਕਹਤਾ ਭਯਾ ਕਿ ਹਾ ਕਸ਼ਟ ਦੇਖੋ, ਹਮ ਇਤਨਾ ਦੇਸ ਘੂਮੇ ਸਰਬ ਤੀਰਥ ਕੀਏ ਪਰੰਤੂ ਅਬ ਪ੍ਰਯੰਤ ਹਮ ਕੋ ਅੰਤਰਯਾਮੀ ਪੂਰਣ ਗੁਰੂ ਨ ਮਿਲਯਾ ਔ ਨਾ ਮੇਰੇ ਮਨ ਕੋ ਸਾਂਤੀ ਆਈ ਇਸ ਰੀਤੀ ਸੇ ਬਿਚਰਤਾ ਬਿਚਰਤਾ ਜਬ ਦਖਣ ਕੇ ਸਮੁੰਦਰ ਕੇ ਤੀਰ ਪਰ ਗਯਾ, ਤਹਾਂ ਪਰ ਏਕ ਮਹਾਤਮਾ ਬੈਰਾਗੀ ਮਤ ਕੇ ਚਿਹਨ ਚਕ੍ਰ ਧਾਰੇ ਬੈਠੇ ਹੈਂ । ਤਿਸ ਸੰਤ ਨੇ ਸ੍ਰੀ ਜਵਾਹਰ ਸਿੰਘ ਕੋ ਦੇਖ ਕੇ ਪੁਕਾਰ ਕੇ ਬਚਨ ਕੀਆ । ਅਰੇ ਭਾਈ ਜਵਾਹਰ ਸਿੰਘ ਜੇ ਤੈਨੇ ਸਵਧਰਮ ਇਸਥਿਤ ਵਰਣ ਆਸ਼੍ਰਮ ਵਾਲਾ ਸਿੰਘ ਰੂਪ ਗੁਰੂ ਧਾਰਣਾ ਹੈ ਤਬ ਈਹਾਂ ਸੇ ਹੀ ਪਿਛਲੇ ਪਾਂਵ ਹਟ ਜਾ ਲੌਟ ਜਾ ਪੰਜਾਬ ਕੋ । ਜੈਸੇ ਗੁਰੂ ਕੀ ਤੂੰ ਇਛਾ ਕਰਤਾ ਹੈ ਐਸਾ ਗੁਰੂ ਮਨ ਤੇਰੇ ਕਾ ਸੰਕਲਪ ਪੂਰਣ ਕਰਣੇ ਵਾਲੇ ਊਨੇ ਸਾਹਿਬ ਮੈ ਪ੍ਰਗਟ ਹੈ । ਅਕਸਮਾਤ ਸੇ ਐਸਾ ਬਚਨ ਸੁਣ ਕੇ ਸ੍ਰੀ ਜਵਾਹਰ ਸਿੰਘ ਆਸ਼ਚਰਯ ਕੋ ਪ੍ਰਾਪਤ ਹੋਤਾ ਭਯਾ । ਔ ਜਾਨਤਾ ਭਯਾ ਕਿ ਯੇ ਕੋਈ ਸੰਤ ਮਹਾਤਮਾ ਅੰਤਰਯਾਮੀ ਹੈਂ ਜਿਨੋਂ ਨੇ ਮੁਝ ਕੋ ਅੰਮ੍ਰਿਤ ਰੂਪੀ ਬਚਨ ਸੁਣਾ ਕੇ ਮਾਨੋ ਜੀਵ ਦਾਨ ਦੀਓ ਹੈ ਔ ਮੇਰੇ ਮਨ ਕੀ ਤਪਤ ਬੁਝਾਈ ਹੈ । ਏਹ ਸੰਤ ਮੇਰੇ ਪੂਰਬ ਪਰਚਿਤ ਭੀ ਨਹੀਂ ਹੈਂ, ਇਨਹੁ ਮੇਰਾ ਨਾਮ ਲੈਕੇ ਮੁਝ ਕੋ ਕੈਸੇ ਬੁਲਾਯੋ ਹੈ । ਬਿਨਾ ਜਾਨੇ ਜੋ ਮੇਰਾ ਨਾਮ ਲੈ ਕੇ ਬੁਲਾਯੋ ਹੈ ਔ ਪੰਜਾਬ ਮੈ ਊਨੇ ਸਾਹਿਬ ਕਾ ਪਤਾ ਲਗਾਯੋ ਹੈ ਇਸ ਹੇਤੂ ਸੇ ਮੈ ਜਾਨਤਾ ਹੂ ਕਿ ਸੰਤ ਅੰਤਰਯਾਮੀ ਹੈ । ਅਬ ਮੈ ਇਨ ਕੇ ਸਮੀਪ ਜਾਇ ਕੇ ਇਨ ਕੇ ਦਰਸਨ ਕਰੂੰ ਤਥਾ ਇਨ ਕੇ ਸਾਥ ਬਚਨ ਬਿਲਾਸ ਕਰੂੰ । ਔ ਅਪਨੀ ਬਿਰਥਾ ਇਨ ਕੇ ਆਗੇ ਨੇਵੇਦਨ ਕਰੂੰ ਤਥਾ ਇਨ ਸੇ ਪੂਛੋਂ ਜੋ ਯੇ ਕੌਨ ਭੇਖ ਵਰਨ ਆਸ੍ਰਮ ਮੈ ਵਰਤਮਾਨ ਹੈਂ । ਸੰਤ ਜਵਾਹਰ ਸਿੰਘ ਤਿਸ ਸੰਤ ਕੇ ਪਾਸ ਜਾਇ ਕੇ ਨਮਸਕਾਰ ਕਰਕੇ ਤਿਨ ਕੀ ਆਗਯਾ ਪਾਇ ਕੇ ਬੈਠ ਜਾਤਾ ਭਯਾ । ਬੈਠਨੇ ਕੇ ਸਾਥ ਹੀ ਸ੍ਰੀ ਜਵਾਹਰ ਸਿੰਘ ਕੋ ਸੰਤਹੁ ਨੇ ਪੁਨਾ ਬਚਨ ਕੀਆ— ਹੇ ਭਾਈ ਜਵਾਹਰ ਸਿੰਘ ਜੋ ਤੈਨੇ ਅਪਨੇ ਵਰਣ ਆਸ਼੍ਰਮ ਕਾ ਗੁਰੂ ਧਾਰਣਾ ਹੈ ਔ ਅੰਤਰਯਾਮੀ ਭੀ ਹੋਵ ਤਬ ਪੰਜਾਬ ਮੈ ਲੌਟ ਜਾਇ । ਜਲੰਧਰ ਸੇ ਉਤਰ ਕੀ ਓਰ ਪਰਬਤ ਮੈ ਏਕ ਊਨਾ ਨਾਮ ਕਰਕੇ ਪ੍ਰਸਿਧ ਨਗਰ ਹੈ ਤਹਾਂ ਤਿਸ ਮੈ ਬੇਦੀ ਕੁਲ ਭਾਨੁ ਬਾਬਾ ਸਾਹਿਬ ਸਿੰਘ ਜੀ ਰਹਤੇ ਹੈਂ, ਤੂੰ ਉਨ ਕੋ ਗੁਰੂ ਜਾਇ ਧਾਰ, ਊਹਾਂ ਤੇਰੇ ਸਰਬ ਮਨੋਰਥ ਪੂਰਣ ਹੋਵੇਂਗੇ । ਪੁਨਾ ਜਵਾਹਰ ਸਿੰਘ ਨੇ ਕਹਯਾ ਮੇਰਾ ਸੰਕਲਪ ਅੰਤਰਯਾਮੀ ਗੁਰੂ ਧਾਰਣੇ ਕਾ ਥਾ ਸੋ ਆਪ ਅੰਤਰਯਾਮੀ ਹੋ । ਕਾਹੇ ਤੇ ਜੋ ਮਨ ਕੀ ਗੁਪਤ ਬਾਤੇ ਆਪ ਨੇ ਕਹ ਦਈ ਹੈ ਅਬ ਆਪ ਸੇ ਊਪਰ ਔਰ ਕੌਨ ਗੁਰੂ ਹੋਗਾ ਜਿਸ ਕੋ ਹਮ ਗੁਰੂ ਧਾਰਣ ਕਰੈਗੇ । ਅਬ ਆਪ ਹੀ ਮੁਝ ਕੋ ਉਪਦੇਸ ਦੇਵਹੁ ਆਪ ਹੀ ਮੇਰੇ ਗੁਰੂ ਹੋ । ਪੁਨਾ ਸੰਤ ਜੀ ਨੇ ਬਚਨ ਕੀਆ ਕੇ ਵਰਣਾਸ੍ਰਮ ਮੈ ਇਸਥਿਤ ਸਿੰਘ ਰੂਪ ਅੰਤਰਯਾਮੀ ਗੁਰੂ ਧਾਰਣੇ ਕਾ ਤੇਰਾ ਸੰਕਲਪ ਥਾ । ਨਾ ਕੇ ਔਰ ਮਤ ਵਾਲਾ, ਸੋ ਐਸਾ ਗੁਰੂ ਤੋ ਬਾਬਾ ਸਾਹਿਬ ਸਿੰਘ ਬੇਦੀ ਹੀ ਹੈ ਔਰ ਐਸਾ ਕੋਈ ਨਹੀ ਹੈ । ਪੁਨਾ ਸੰਤ ਨੇ ਬਚਨ ਕੀਆ ਕਿ ਨ ਭਾਈ ਸਿਖਾ ਤੂੰ ਊਨੇ ਮੇ ਜਾਹੁ ਤਹਾਂ ਗੁਰੂ ਨਾਨਕ ਜੀ ਕਾ ਅਵਤਾਰ ਬੇਦੀ ਸਾਹਿਬ ਬਾਬਾ ਸਾਹਿਬ ਸਿੰਘ ਜੀ ਹੈ ਉਨ ਕੋ ਜਾਇ ਕੇ ਗੁਰੂ ਧਾਰ, ਹਮਾਰਾ ਬਚਨ ਮਾਨ, ਦੇਰੀ ਨਾ ਕਰ, ਸੀਘਰ ਜਾਹੁ ॥ ਸ੍ਰੀ ਗੁਰੋ ਵਾਚ ॥ ਹੇ ਸਿਖ ਤਿਸ ਵੈਸਨਵ ਸੰਤ ਕੇ ਬਚਨ ਮਾਨ ਕੇ ਤਹਾਂ ਸੇ ਜਵਾਹਰ ਸਿੰਘ ਜੀ ਨੇ ਚਲ ਦੀਆ । ਔ ਮਨ ਮੈ ਬਡੀ ਉਤਕਟ ਇਛਾ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਦਰਸਨ ਕੀ ਜਾਗੀ ਜਬ ਰਾਤ੍ਰਿ ਦਿਨ ਚਲਤੇ ਹੂਏ ਕ੍ਰਮ ਕ੍ਰਮ ਸੇ ਸਗਰੇ ਮਾਰਗ ਉਲੰਘ ਕੇ ਊਨੇ

ਸਾਹਿਬ ਮੈ ਹਜੂਰ ਕੇ ਦਰਬਾਰ ਪਹੂਚਜਾ ਤਬ ਦੂਰ ਸੇ ਹੀ ਗੁਰੂ ਸਾਹਿਬ ਸਿੰਘ ਜੀ ਨੇ ਦੇਖ ਕੇ ਬਚਨ ਕੀਆ ਕਿ ਆਉ ਭਾਈ ਜਵਾਹਰ ਸਿੰਘ ਬੈਰਾਗੀ ਕੇ ਚੇਲੇ ਬੜੀ ਦੂਰ ਸੇ ਚਲ ਕੇ ਬਡੇ ਸਰਮ ਕਰਕੇ ਈਹਾਂ ਪਹੁਚਯਾ ਹੈ। ਸੋ ਐਸਾ ਸ੍ਰੀ ਗੁਰੂ ਕਾ ਬਚਨ ਸੁਣ ਕੇ ਸ੍ਰੀ ਜਵਾਹਰ ਸਿੰਘ ਬਡੇ ਆਸਚਰਯ ਕੋ ਪ੍ਰਾਪਤ ਹੋਕੇ ਅਸਤਬਧ ਹੋ ਜਾਤਾ ਭਯਾ। ਫਿਰ ਭੀ ਸ੍ਰੀ ਗੁਰੂ ਜੀ ਨੇ ਏਹੀ ਬਚਨ ਕਹਯਾ ਕੇ ਆਉ ਬੈਰਾਗੀ ਕੇ ਚੇਲੇ ਵਿਸਮਾਦ ਜੈਸਾ ਕਿਉ ਹੂਆ ਹੈ ਆਉ ਬੈਠ ਅਪਨੇ ਚਿਰਕਾਲ ਕੇ ਮਾਰਗ ਕੇ ਪਰੀਸਰਮ ਕੋ ਦੂਰ ਕਰ। ਅਰਥਾਤ ਜਬ ਸੇ ਸ੍ਰਿਸ਼ਟੀ ਭਈ ਹੈ ਤਬ ਸੇ ਅਨਾਦੀ ਕਾਲ ਸੇ ਸੰਸਾਰ ਸਮੁੰਦਰ ਕੇ ਚਕਰੋਂ ਮੇਂ ਭਰਮਤਾ ਚਲਯਾ ਆਯਾ ਹੈ। ਅਨੰਤ ਜਨਮੋਂ ਕੋ ਧਾਰਤਾ ਹੂਆ ਅਬ ਵਿਸਰਾਂਤੀ ਪਾਵੋ ਇਤਿ ਆਦਿ। ਐਸੇ ਸ੍ਰੀ ਗੁਰੂ ਜੀ ਕਾ ਬਚਨ ਸੁਣ ਕੇ ਸ੍ਰੀ ਜਵਾਹਰ ਸਿੰਘ ਮਹਾਰਾਜ ਜੀ ਕੇ ਚਰਣ ਕਮਲੋਂ ਪਰ ਗਿਰ ਪਰਜਾ ਔ ਅੰਤ ਸੈ ਅਧੀਨਗੀ ਸੇ ਬੇਨਤੀ ਕਰਤਾ ਭਯਾ ਹੇ ਗੁਰੂ ਸਾਹਿਬ ਜੀ ਆਪਨੇ ਬੜੀ ਅਨੁਗ੍ਰਹ ਕਰੀ ਹੈ ਜੋ ਅਪਨਾ ਜਾਨ ਕੇ ਮੁਝ ਕੋ ਅਪਨੀ ਓਰ ਪ੍ਰੇਰ ਲੀਓ ਹੈ। ਐਸੇ ਕਹਕੇ ਦੋਨੋ ਹਾਥ ਜੋੜ ਕੇ ਸਨਮੁਖ ਇਸਥਿਤ ਹੋ ਕੇ ਸ੍ਰੀ ਗੁਰੂ ਜੀ ਕੀ ਉਸਤਤੀ ਕਰਤਾ ਭਯਾ ॥ ਚੌਪਈ ॥ ਜੈ ਜੈ ਸ੍ਰੀ ਗੁਰੂ ਪਰਮਬਿਲਾਸੀ। ਸ੍ਰੀ ਸਾਹਿਬ ਹਰਿ ਜੋਤਿ ਪ੍ਰਕਾਸੀ। ਜਢ ਚੇਤਨ ਸਭ ਤੁਮਰੋ ਰੂਪਾ। ਸ੍ਰੀ ਸਾਹਿਬ ਹਰਿ ਬ੍ਰਹਮ ਅਨੂਪਾ ॥ ੧ ॥ ਜਬ ਪਹਲੇ ਤੁਮ ਸ੍ਰਿਸਟ ਬਨਾਈ। ਅਸੁਰਨ ਕੀ ਤਹ ਧੀ ਅਧਿਕਾਈ ॥ ਸ੍ਰੀ ਵਿਸਨੁ ਸੁੰਦਰ ਤਨੁ ਧਾਰਾ ॥ ਸਯਾਮ ਮੇਘ ਸਮ ਰੂਪ ਉਦਾਰਾ ॥ ੨ ॥ ਗਦਾ ਪਦਮ ਧਰ ਚਕ੍ਰ ਸੁਹਾਈ। ਮਧੁ ਕੈਟਭ ਤਬ ਦੀਨ ਖਪਾਈ। ਨਿਜ ਸੰਤਨ ਕੇ ਭਏ ਸਹਾਈ ॥ ਕ੍ਰਿਪਾ ਸਿੰਧੁ ਸੀਅਪਤਿ ਰਘੁਰਾਈ ॥ ੩ ॥ ਪੁਨ ਹਰਨਾਖਸ ਭਜੇ ਮਹਾਬਲ। ਸੂਕਰ ਬਪੁਧਰ ਦੀਨ ਪਾਵਤਲ ॥ ਪੁਨ ਨਰ ਹਰਿ ਤਨੁ ਧਾਰ ਮੁਰਾਰੀ ॥ ਹਿਰਣਯਕਸਪੁ ਤਨੁ ਦੀਨ ਸੰਘਾਰੀ ॥ ੪ ॥ ਬਲੀ ਹੇਤੁ ਬਾਵਨ ਤਨੁ ਧਾਰਾ ॥ ਤੁਮਹੀ ਪਠਜੋ ਪਤਾਲ ਮਝਾਰਾ। ਰਾਮ ਹੋਇ ਪੁਨ ਕੀਨ ਅਖਾਰੇ ॥ ਤਰੇਤਾ ਮੈ ਘਟ ਕਾਨ ਸੰਘਾਰੇ ॥ ੫ ॥ ਰਾਵਨਾਦੀ ਪੁਨ ਮੇਘ ਸੁਨਾਦੂ। ਚੂਰਣ ਕੀਏ ਸ੍ਰੀ ਰਘੁ ਰਾਜੂ ॥ ਦ੍ਵਾਪੁਰ ਮੈ ਤੁਮ ਕੇਸਵ ਭਏ। ਨਿਜ ਸੰਤਨ ਕੇ ਅਤਿ ਸੁਖਦਏ ॥ ੬ ॥ ਕੰਸ ਕੇਸ ਗਹੇ ਪਕਰ ਪਛਾਰੇ ॥ ਭਾਰਤ ਮੈ ਬਹੁ ਭੂਪਤ ਮਾਰੇ ॥ ਜਿਨ ਜਿਨ ਤੁਮਰੇ ਸੰਤ ਦੁਖਾਏ ॥ ਤਨਕ ਮਾਹਿ ਤੁਮ ਦੀਨ ਖਪਾਏ ॥ ੭ ॥ ਗੁਰੂ ਨਾਨਕ ਕਲਿ ਮਾਹਿ ਸੁਹਾਏ ॥ ਤੁਰਕ ਤਰਕ ਕੁਲ ਦਈ ਦਬਾਏ ॥ ਸ੍ਰੀ ਗੋਬਿੰਦ ਸਿੰਘ ਬਪੁ ਧਾਰਾ। ਤੁਰਕਨ ਕੋ ਜੜ ਮੂਲ ਉਖਾੜਾ ॥ ੮ ॥ ਨਮੋ ਨਾਥ ਨਿਰੰਜਨ ਰੂਪਾ ॥ ਜਗਮਗ ਜੋਤਿ ਸਮੂਹ ਅਨੂਪਾ ॥ ਤੁਮ ਬਿਨ ਆਨ ਨ ਵਸਤੁ ਸੁ ਕੋਈ। ਬੇਦ ਪੁਰਾਣ ਸਿਮ੍ਰਤ ਇਮ ਗੋਈ ॥ ੯ ॥

ਦੋਹਿਰਾ—ਸੰਤਨ ਹੇਤੁ ਧਜਾਨ ਕੇ ਗੁਰੁ ਨਾਨਕ ਸੇ ਆਦਿ। ਸਾਹਿਬ ਹਰਿ ਪ੍ਰਜੰਤ ਪ੍ਰਭੂ ਦ੍ਵਾਦਸ ਰੂਪ ਅਗਾਧ ॥ ੧੦ ॥ ਯਾ ਬਿਧਿ ਉਸਤਤਿ ਕਰਿ ਜਗਨਾਥਾ। ਚਰਣ ਕਮਲ ਪਰ ਧਰ ਕਰ ਮਾਥਾ। ਮਹਿਮਾ ਤੁਮਰੀ ਅਪਰ ਅਪਾਰਾ ॥ ਬ੍ਰਹਮਾਦਿਕ ਨਹਿ ਪਾਵਤ ਪਾਰਾ ॥ ੧੧ ॥ ਦੋਹਰਾ ॥ ਉਸਤਤਿ ਸ੍ਰੀ ਹਰਿ ਸਾਹਿਬ ਕੀ ਪਢੇ ਸੁਨੇ ਚਿਤ ਲਾਇ। ਜੀਵਤ ਸੋ ਸੁਖ ਸੇ ਬਸੈ ਅੰਤ ਪਰਮ ਗਤਿ ਪਾਇ ॥ ੧੨ ॥ ਤਦਨੰਤਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਸੰਤ ਜਵਾਹਰ ਸਿੰਘ ਪਰ ਪਰਮ ਪ੍ਰਸੰਨ ਹੋ ਕੇ ਅਪਨਾ ਸਿਖ ਬਨਾਤੇ ਭਏ। ਗੁਰੁਮੰਤ੍ਰ ਕਾ ਉਪਦੇਸ ਦੇਕੇ ਤਿਸ ਕੇ ਪ੍ਰਤੀ ਬਚਨ ਕੀਆ ਕਿ ਜਾਹੁ ਭਾਈ ਸਿਖਾ ਨਿਹਾਂਲ, ਨਿਹਾਲ, ਨਿਹਾਲ। ਐਸੋ ਤੀਨ ਬਾਰ ਬਚਨ ਕੀਆ ਕਿ

ਤੁਮ ਲੰਗਰ ਕੀ ਸੇਵਾ ਕੀਆ ਕਰੋ । ਤਬ ਸਿੰਘ ਨੇ ਭੀ ਗੁਰੂ ਕਾ ਸਤਬਚਨ ਮਾਨ ਕੇ ਲੰਗਰ ਕੀ ਸੇਵਾ ਕਰਣੇ ਮੈ ਮਨ ਕੋ ਲਗਾਇ ਦੀਆ । ਔਰ ਸਰਬ ਪ੍ਰਕਾਰ ਕੀ ਸੇਵਾ ਗੁਰੂ ਕੇ ਸਿਖੋਂ ਕੀ ਤਥਾ ਗੁਰੂ ਜੀ ਕੀ ਬਡੇ ਪ੍ਰੇਮ ਸੇ ਕੀਆ ਕਰੇ । ਮਾਨ ਅਪਮਾਨ ਕੋ ਸਮਕਰ ਛਡਯਾ ਕਬੀ ਕਬੀ ਬ੍ਰਹਮਗਯਾਨ ਕੇ ਉਪਦੇਸ ਮਨ ਮੈ ਅਕਾਂਖਯਾ ਕਰਕੇ ਦੂਰ ਸੇ ਹੀ ਪ੍ਰਣਾਮ ਕਰਕੇ ਦੋਨੋਂ ਹਾਥ ਜੋੜ ਕੇ ਖੜੇ ਜਾਣਾ । ਤਬ ਘਟ ਘਟ ਕੇ ਜਾਨਨੇਹਾਰੇ ਸ੍ਰੀ ਗੁਰੂ ਜੀ ਨੇ ਬਿਨਾ ਪ੍ਰਸ਼ਨ ਹੀ ਤਿਸ ਕੇ ਮਨ ਕਾ ਸੰਕਲਪ ਜਾਨ ਕੇ ਤਤਵ ਗਯਾਨ ਕਾ ਉਪਦੇਸ ਕਰ ਦੇਣਾ । ਜਬ ੨ ਮਨ ਮੈ ਕੋਈ ਸੰਸੇ ਉਪਜੇ ਤਬ ੨ ਇਸੀ ਰੀਤੀ ਸੇ ਦੂਰ ਸੇ ਹੀ ਮਥਾ ਟੇਕ ਕੇ ਹਾਥ ਜੋੜ ਕੇ ਖੜੇ ਹੋ ਰਹਣਾ ਤਬ ਸ੍ਰੀ ਗੁਰੂ ਜੀ ਨੇ ਆਪਣੇ ਆਪ ਹੀ ਉਤਰ ਦੇ ਦੇਣਾ । ਜਬ ਸੰਤ ਜਵਾਹਰ ਸਿੰਘ ਜੀ ਪੂਰਣ ਤਤਵੇਤਾ ਹੋਤੇ ਭਏ ਔ ਸਹਜ ਮੈ ਇਸਥਿਤ ਹੋਤੇ ਭਏ ਔ ਮਨ ਕੋ ਦ੍ਰਿੜ ਪ੍ਰਯਤਨ ਵਰਾਗਯ ਅਭਿਆਸ ਕਰਕੇ ਜੀਤਤੇ ਭਏ, ਤਬ ਇਨ ਕੀ ਸਹਜ ਅਵਸਥਾ ਹੋ ਜਾਤੀ ਭਈ । ਭੇਦ ਭਰਮ ਇਨ ਕਾ ਸਗਰੋ ਛੂਟ ਜਾਤਾ ਭਯਾ, ਅਵਿਦਯਾ ਕਾ ਅਤਯੰਤ ਨਾਸ ਹੋਣੇ ਸੇ ॥ ਸ਼ੰਕਾ ॥ ਹੇ ਭਗਵਾਨ ਤਿਨ ਕੇ ਅਗਯਾਨ ਨਾਸ ਕੀ ਪਰੀਖਯਾ ਹਜ਼ੂਰ ਨੇ ਕੈਸੇ ਕਰੀ ॥ ਉਤ੍ਰ ॥ ਹੇ ਸਿਖਯ ਜਬ ਹਜ਼ੂਰ ਨੇ ਜਵਾਹਰ ਸਿੰਘ ਕੋ ਸਮਤਾਪਦ ਮੈ ਇਸਥਿਤ ਹੂਆ ਜਾਨਯਾ ਤਬ ਤਿਸ ਕੀ ਪਰੀਖਯਾ ਅਰਥ ਉਪਾਇ ਰਚਯਾ । ਜਬ ਏਕ ਦਿਨ ਸਹਜ ਸੁਭਾਵਕ ਸੰਤ ਜਵਾਹਰ ਸਿੰਘ ਜੀ ਹਜ਼ੂਰ ਕੇ ਸਨਮੁਖ ਹੂਆ । ਤਬ ਬਚਨ ਹੂਆ ਕਹੁਰੇ ਤੂੰ ਕਵਨ ਹੈਂ ? ਆਗੇ ਤੇ ਸੰਤ ਨੇ ਉਤ੍ਰ ਦੀਆ ਹੇ ਭਗਵਨ ਜੋ ਆਪ ਹੋ ਸੋ ਮੈ ਹੂੰ ਔ ਜੋ ਮੈ ਹੂੰ ਸੋ ਆਪ ਹੋ । ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ । ਕਨਕ ਕਟਕ ਜਲ ਤਰੰਗ ਜੈਸਾ । ਇਸ ਵਚਨ ਸੇ ਆਪ ਔ ਮੇਰੇ ਮੈ ਭਿੰਨ ਭੇਦ ਕੁਛ ਨਹੀ ਹੈ । ਜਬ ਸਿਖ ਨੇ ਐਸੇ ਨਿਸੰਕ ਹੋਕੇ ਕਹਯਾ । ਤਬ ਕੁਛਕ ਕੋਪ ਸਹਤ ਹੋ ਕੇ ਸ੍ਰੀ ਗੁਰੂ ਜੀ ਨੇ ਬਚਨ ਕੀਆ ਕੇ ਅਬੀ ਸੇ ਹਮਾਰੀ ਬਰਾਬਰੀ ਕਰਨੇ ਲਾਗ ਪਰਾ ਹੈ । ਹੁਕਮ ਹੂਆ ਕੇ ਇਸ ਕੋ ਪਨਹੀ ਕਾ ਹਲਾ ਹੋਵੇ ਹੈ ਕੋਈ । ਤਬ ਦੋ ਸਿਖ ਉਨ ਕੇ ਸੰਤ ਕੇ ਸਰੀਰ ਪੈ ਪਨਹੀ ਮਾਰਣੇ ਲਾਗ ਜਾਤੇ ਭਏ । ਸੰਤ ਜਵਾਹਰ ਸਿੰਘ ਜੀ ਭੀ ਚੌਂਕੜੀ ਲਗਾ ਕੇ ਦੀਵਾਨ ਮੈ ਬੈਠ ਜਾਤੇ ਭਏ । ਤਬ ਹਜ਼ੂਰ ਨੇ ਸੈਨਤ ਸੇ ਸਿਖੋਂ ਕੋ ਸਮਝਾਇ ਦੀਆ ਕੇ ਧੀਰੇ ਧੀਰ ਇਸ ਕੋ ਮਾਰੋ ਜੋਰ ਸੇ ਮਤ ਮਾਰਣਾ । ਜਬ ਕਿਤਨੇਕ ਪ੍ਰਹਾਰ ਸੰਤ ਕੇ ਸਰੀਰ ਪਰ ਲਗ ਚੁਕੇ ਤਬ ਸ੍ਰੀ ਗੁਰੂ ਜੀ ਨੇ ਬਚਨ ਕੀਆ ਕੇ ਕਿਉ ਅਬ ਕੈਸੀ ਭਈ ਤਬ ਸਤ ਨੇ ਕਹਯਾ ਕੇ ਜਿਉ ਕਾ ਤਿਉ ਚਾਮ ਪਰ ਚਾਮ ਪਰੋ ਲਾਗਤੇ ਹੈ ਹਮਾਰਾ ਇਸ ਮੈ ਕਿਆ ਬਿਗਾਰ ਹੈ । ਇਸ ਸਰੀਰ ਕੇ ਗੁਣ ਦੋਖ ਆਤਮਾ ਕੋ ਸਪਰਸ ਕਰ ਨਹੀਂ ਸਕਤੇ ਹੈ ਕਾਹ ਤੇ ਮੇਰਾ ਆਤਮਾ ਨਿਰਾਕਾਰ ਅਤਯੰਤ ਸੂਖਮ ਹੈ ਔ ਸਤਚਿਤ ਆਨੰਦ ਰੂਪ ਨਿਰਵਿਕਪਲ ਤੀਨੋਂ ਸਰੀਰੋਂ ਸੇ ਪਰੇ ਔ ਤੀਨੋਂ ਸਰੀਰੋਂ ਕੋ ਪ੍ਰਕਾਸਕ ਹੈ ਮੇਰਾ ਇਸ ਜੜ ਸਰੀਰ ਕੇ ਸਾਥ ਤਮ ਪ੍ਰਕਾਸਵਤ ਕਯਾ ਸੰਬੰਧ ਹੈ ਇਤਆਦਿਕ ਸਿਖ ਕੇ ਵਚਨ ਸੁਣ ਕੇ ਸ੍ਰੀ ਗੁਰੂ ਤਿਸ ਸਿਖ ਪਰ ਬਡੇ ਪ੍ਰਸੰਨ ਹਤੇ ਭਏ ਕੰਠ ਕੇ ਸਾਥ ਲਗਾਇ ਕੇ ਵਚਨ ਕੀਆ ਕਿ ਨਿਹਾਲ ਭਾਈ ਸਿਖਾ ਨਿਹਾਲ ਜਾਹ-ਤੇਰਾ ਕਾਰਯ ਅਬ ਸਿਧ ਹੋ ਗਯੋ ਹੈ ਜੈਸੇ ਤੇਰੀ ਇਛਾ ਹੋਵੇ ਤੈਸੇ ਭੂਤਲ ਮੈ ਬਿਚਰ ਅਬ ਯਮ ਆਦਿਕੋਂ ਕੇ ਦੰਡ ਤੇਰੇ ਪਰ ਨਹੀਂ ਹੈ । ਜਾਹੋ ਅਬ ਸਵਤੰਤਰ ਬਿਚਰ । ਐਸੇ ਪਰੀਖਯਾ ਕਰਕੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਸਿਖ ਪਰ ਖੁਸੀ ਕਰਕੇ ਬਿਦਾ ਕਰਤੇ ਭਏ ।

ਸ੍ਰੀ ਗੁਰੋ ਵਾਚ ॥ ਹੇ ਸਿਖ ਗਯਾਨਵਾਨ ਪੁਰੁਖ ਮਾਨ ਅਪਮਾਨ ਮੈ ਐਸੇ ਸਮ ਰਹਤੇ ਹੈ

ਜੈਸੇ ਸੰਤ ਜਵਾਹਰ ਸਿੰਘ ਰਹਯੋ ਹੈ । ਭਲਾ ਕਹੋ ਵਹੁ ਗਯਾਨ ਕੈਸਾ ਹੂਆ ਜੋ ਏਕ ਵਾਰ ਫਿਟੇ ਮੂੰਹ ਕਹਨੇ ਸੇ ਭਾਗ ਗਯਾ । ਅਰੇ ਹੇ ਸਿਖ ਜੋ ਕੋਈ ਤ੍ਰਿਸਕਾਰ ਕਰੇ ਗੋ ਤਬ ਅਸਥੂਲ ਸਰੀਰ ਕੋ ਹੀ ਕਰੈਗੋ ਆਤਮਾ ਕੋ ਤ੍ਰਿਸਕਾਰ ਤੋ ਕਿਸੀ ਰੀਤੀ ਸੇ ਹੋ ਹੀ ਨਹੀਂ ਸਕਤੋ ਹੈ । ਇਸੀ ਪ੍ਰਕਾਰ ਕੇ ਸ੍ਰੀ ਗੁਰੂ ਖੁਦਾ ਸਿੰਘ ਜੀ ਕੇ ਮੁਖਾਰਵਿੰਦ ਸੇ ਉਪਦੇਸ ਸੁਣ ਕੇ ਸਿਖ ਨੇ ਨਿਮ੍ਰ ਹੋ ਕੇ ਬੇਨਤੀ ਕਰੀ ਹੇ ਗੁਰੂ ਜੀ ਅਬ ਆਪ ਕੀ ਸੁਦ੍ਰਿਸਟੀ ਸੇ ਮੇਰੀ ਭੀ ਮਾਨ ਅਪਮਾਨ ਮੈ ਸਮ ਅਵਸਥਾ ਹੋ ਜਾਵੇਗੀ । ਮਹਾਰਾਜ ਜੀ ਆਪ ਸਾਖਯਾਤ ਈਸ਼ਵਰ ਹੋ ਅਸਮਦਾਦਿਕ ਕੀਟਹੁ ਕੇ ਕੇਵਲ ਉਧਾਰ ਕੇ ਅਰਥ ਆਪ ਕਾ ਅਵਤਾਰ ਹੈ । ਹੇ ਮਹਾ ਮੋਹ ਰੂਪੀ ਮੁਰਦੈਤ ਕੇ ਮਾਰਣੇਹਾਰੇ ਮੁਰਾਰੇ ਜੈਸੇ ਆਪਨੇ ਮੁਰਦੈਤ ਕੋ ਕ੍ਰਿਸ਼ਨ ਰੂਪ ਧਾਰ ਕੇ ਮਾਰਾ ਹੈ । ਔ ਅਪਨੇ ਪਯਾਰੇ ਭਗਤੋਂ ਕੀ ਰਖਯਾ ਕਰੀ ਹੈ। ਤੈਸੇ ਹਮਾਰੇ ਮਨ ਰੂਪੀ ਗ੍ਰਹ ਮੈ ਰਹਣੇਹਾਰਾ ਮਹਾ ਮੋਹ ਰੂਪੀ ਮੁਰਦੈਤ ਤਿਸ ਕੋ ਮਾਰ ਕੇ ਮੇਰੀ ਭੀ ਰਖਿਆ ਕਰੋ ਮੈ ਭੀ ਨਾਮ ਧਾਰੀਕ ਆਪ ਕੇ ਚਰਣ ਕਮਲ ਕਾ ਦਾਸ ਹੂੰ । ਇਸ ਪ੍ਰਕਾਰ ਸੇ ਗੁਰਦਿਤ ਸਿੰਘ ਸ੍ਰੀ ਗੁਰੂ ਜੀ ਕੀ ਖੁਸੀ ਲੈਕੇ ਅਪਨੇ ਅਸਥਾਨ ਕੋ ਚਲਯਾ ਜਾਤਾ ਭਯਾ । ਤਿਸ ਤੇ ਅਨੰਤਰ ਔਰ ਇਕ ਸਿਖ ਨੇ ਪ੍ਰਸ਼ਨ ਕੀਆ ਹੇ ਭਗਵਾਨ, ਵਹੁ ਸੰਤ ਜਵਾਹਰ ਸਿੰਘ ਅਤਿ ਉਤਮ ਅਵਸਥਾ ਕੋ ਪਾਇ ਕੇ ਜੀਵਨ ਮੁਕਤ ਹੋ ਕੇ ਫਿਰ ਕੈਸੇ ਬਿਚਰਤਾ ਭਯਾ ਇਸ ਪ੍ਰਕਾਰ ਪ੍ਰਸ਼ਨ ਸੁਣ ਕੇ ਉਤ੍ਰ—

ਤਬ ਸੰਤ ਜਵਾਹਰ ਸਿੰਘ ਦੇਸ਼ ਬਦੇਸ਼ ਮੇ ਬਿਚਰਤੇ ੨ ਸ਼ਨੇ ਸਨੇ ਪੰਜੇ ਸਾਹਿਬ ਸੇ ਪਰਬਤ ਕੀ ਓਰ ਹਰੀਪੁਰ ਮੇ ਸੇ ਬਾਹਰ ਜੰਗਲ ਮੇ ਜਾਇ ਨਿਵਾਸ ਕੀਆ । ਤਹਾਂ ਪਰਬਤ ਕੇ ਤੀਰੇ ਸੁੰਦਰ ਗੁਫਾ ਹੈ ਔ ਤਿਸ ਕੇ ਦੁਆਰੇ ਕੇ ਆਗੇ ਸੁੰਦਰ ਸ਼ੁਧ ਮਣੀ ਵਤ ਸ਼ੁਧ ਜਲ ਕੀ ਕੂਲ ਚਲ ਰਹੀ ਹੈ । ਪੰਛੀ ਮਧੁਰ ਬੋਲ ਬੋਲਤੇ ਹੈਂ ਔਰ ਅਨੇਕ ਪ੍ਰਕਾਰ ਕੇ ਪੁਸ਼ਪ ਔ ਫਲੋਂ ਕੇ ਭਾਰ ਸੇ ਬ੍ਰਿਛੋਂ ਕੀ ਸ਼ਾਖਾਏਂ ਝੁਕ ਰਹੀ ਹੈਂ । ਐਸੇ ਸੁੰਦਰ ਪਰਬਤ ਕੀ ਕੰਦਰਾਂ ਮੈ ਸੰਤ ਜਵਾਹਰ ਸਿੰਘ ਜੀ ਨਿਵਾਸ ਕਰਤੇ ਭਏ ਔ ਤੀਸ ਵਰਗ ਪ੍ਰਥਮ ਹੀ ਭਵਿਖਤ ਕਥਾ ਕਹਿ ਦੀ ਥੀ ਕਿ ਹਮਾਰਾ ਸਰੀਰ ਸ਼ਸਤਰੋਂ ਸੇ ਛੂਟੇਗਾ । ਤਹਾਂ ਸ: ਹਰੀ ਸਿੰਘ ਨਲੂਆ, ਅਮਰ ਸਿੰਘ ਮਜੀਠੀਆ ਆਦਿ ਦਰਸ਼ਨੋ ਕੋ ਆਤੇ ਰਹੇਂ । ਪਰ ਕਿਸੀ ਸੇ ਕੋਈ ਪੈਸਾ ਟਕਾ ਵਸਤੂ ਨ ਲੇਤੇ, ਨ ਗੁਫਾ ਮੇ ਰਖਤੇ । ਸੋ ਤੁਰਕ ਲੋਕੋਂ ਕੋ ਸ਼ਕ ਹੂਆ ਕਿ ਬਡੇ ਬਡੇ ਧਨਪਾਤ੍ਰ ਆਤੇ ਹੈਂ ਕਾਫ਼ੀ ਧਨ ਮਾਲ ਇਨਕੇ ਪਾਸ ਹੋਗਾ, ਸੁ ਏਕ ਰਾਤ ਤੁਰਕੋਂ ਨੇ ਸੰਤ ਜੀ ਕਾ ਸਰੀਰ ਕਾਟ ਦੀਆ ਜਬ ਗੁਫਾ ਕੀ ਤਲਾਸ਼ੀ ਲੀ ਤੋ ਏਕ ਪੈਸਾ ਤਕ ਨ ਨਿਕਲਿਆ । ਤਬ ਤੁਰਕ ਪਛੋਤਾਏ ।

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾਂ (ਪਹਿਲੇ ਜ਼ਿਲਾ ਹੁਸ਼ਿਆਰਪੁਰ) ਫਿਰ (ਹਿਮਾਚਲ ਪ੍ਰਦੇਸ਼)

(ਵਲੋਂ— ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ)

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਜਨਮ ਬਿਕਰਮੀ ਸੰਮਤ ੧੮੧੩ ਮਹੀਨਾ ਚੇਤ, ਸੁਕਲਾ ਪੱਖ ਦੀ ਪੰਚਮੀ, ਪੁਨਵਰਸ਼ ਨਛੱਤ੍ਰ ਮੁਤਾਬਕ ੨੮੭ ਨਾਨਕ ਸ਼ਾਹੀ ਅਤੇ ਸੰਨ ੧੭੫੬ ਈਸਵੀ ਨੂੰ 'ਡੇਹਰਾ ਬਾਬਾ ਨਾਨਕ' ਜ਼ਿਲਾ ਗੁਰਦਾਸਪੁਰ ਵਿਖੇ ਹੋਇਆ। ਆਪ ਦੀ ਮਾਤਾ ਦਾ ਨਾਮ ਸਰੂਪਾਂ ਦੇਵੀ ਅਤੇ ਪਿਤਾ ਦਾ ਬਾਬਾ ਅਜੀਤ ਸਿੰਘ ਸੀ। ਬਾਬਾ ਅਜੀਤ ਸਿੰਘ ਜੀ ਨੂੰ ਜਿਸ ਦਿਨ ਤੋਂ ਪਤਾ ਹੋਇਆ ਸੀ ਕਿ ਆਪ ਦੇ ਘਰ ਗੁਰੂ ਕਲਗੀਧਰ ਦੀ ਅਸੀਸ (ਵਰਦਾਨ) ਅਨੁਸਾਰ ਸਪੁੱਤਰ ਦਾ ਜਨਮ ਹੋਣਾ ਹੈ ਤਾਂ ਆਪ ਜੀ ਤੇ ਆਪ ਦੀ ਧਰਮ ਪਤਨੀ ਦੋਵੇਂ ਹੀ ਉਕਤ ਵਰਦਾਨ ਨੂੰ ਚੇਤੇ ਰਖਦੇ—"ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾਂ ਤਨ ਪ੍ਰੀਤਿ" ਦੀ ਰਹਿਣੀ ਅੰਦਰ ਸਰੀਰ ਨੂੰ ਢਾਲਣ ਲਗੇ ਅਤੇ ਅਠੇ ਪਹਿਰ "ਗੁਰੂ ਨਾਨਕ ਗੋਬਿੰਦ ਰੂਪ" ਦਾ ਧਿਆਨ ਧਰਦੇ ਹੋਇ ਪ੍ਰਾਰਥਨਾ ਕਰਦੇ ਰਹਿੰਦੇ :

ਧਨਾਸਰੀ ਮ: ੫

ਚਤੁਰ ਦਿਸਾ ਕੀਨੋ ਬਲੁ ਅਪਨਾਂ ਸਿਰ ਊਪਰਿ ਕਰੁ ਧਾਰਿਓ ॥
ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖ ਬਿਦਾਰਿਓ ॥ ੧ ॥
ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ
ਦਇਆਲ ਪੁਰਖ ਬਖਸੰਦ ॥ ਰਹਾਉ ॥ ਜੋ ਮਾਗਹਿ ਠਾਕੁਰ ਅਪਨੇ ਤੇ
ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾਂ ਊਹਾਂ
ਸਚੁ ਹੋਵੈ ॥ ੨ ॥

ਬਾਬਾ ਜੀ ਦੀ ਅਰਦਾਸ ਸਚੀ ਦਰਗਾਹੇ ਪ੍ਰਵਾਨ ਹੋਈ, ਅਕਾਲ ਪੁਰਖ ਸਤਿਗੁਰੂ ਨੇ ਅਦਭੁਤ ਮਹਾਂ ਬਲੀ ਪ੍ਰਤਾਪੀ ਪੁੱਤਰ ਬਖਸ਼ਿਆ, ਤਾਂ ਪਲੋ ਪਲੀ ਸਾਰਾ ਘਰ ਵਧਾਈਆਂ ਨਾਲ ਗੂੰਜ ਉਠਿਆ।

ਸ੍ਰੀ ਬਾਬਾ ਅਜੀਤ ਸਿੰਘ ਜੀ ਨੇ ਸ਼ੁਕਰਾਨੇ ਵਿਚ ਸਿਰ ਨਿਵਾਇਆ, ਤੇ ਇਸ ਸ਼ਬਦ ਦਵਾਰੇ ਅਕਾਲ ਪੁਰਖ ਦਾ ਧੰਨਵਾਦ ਕੀਤਾ।

ਬਿਲਾਵਲ ਮਹਲਾ ੫

ਸ਼ਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ਸੁਖ ਉਪਜੇ ਬਾਜੇ ਅਨਹਦ ਤੂਰੇ
॥ ੧ ॥ ਰਹਾਉ ॥ ਤਾਪ ਪਾਪ ਸੰਤਾਪ ਬਿਨਾਸੇ ॥ ਹਰਿ ਸਿਮਰਤ
ਕਿਲ ਵਿਖ ਸਭਿ ਨਾਸੇ ॥ ੧ ॥ ਅਨੰਦ ਕਰਹੁ ਮਿਲਿ ਸੁੰਦਰ ਨਾਰੀ ॥
ਗੁਰਿ ਨਾਨਕ ਮੇਰੀ ਪੈਜ ਸਵਾਰੀ ॥ ੨ ॥

ਸ਼ਬਦ ਪੜ੍ਹਿਆ ਤਾਂ ਰਸ ਵਿਚ ਇਉਂ ਮਗਨ ਹੋਏ ਜਿਉਂ ਘਣੇ ਪਾਣੀ ਵਿਚ ਮੱਛੀ ਲੀਨ ਹੋ ਜਾਂਦੀ ਹੈ। ਕੁਝ ਚਿਰ ਪਿਛੋਂ ਨੇਤਰ ਖੁੱਲ੍ਹੇ ਤਾਂ ਨਗਰ ਦੇ ਪੰਡਿਤ ਨੂੰ ਆਖ ਕੇ ਜਨਮ ਕੁੰਡਲੀ ਬਣਵਾਈ।

ਉਕਤ ਜਨਮ ਕੁੰਡਲੀ ਲਿਖ ਦੇਣ ਨਾਲ ਪੰਡਿਤ ਨੇ ਗ੍ਰਹਿ ਨਿਖੱਤ੍ਰ ਆਦਿਕ ਦੇ ਫਲਾਦੇਸ਼ ਦਾ ਨਿਰਨਾ ਵੀ ਦਸਿਆ। ਅ ਖਿਆ—ਸ੍ਰੀ ਬਾਬਾ ਜੀਉ ! ਆਪ ਵਡੇ ਧੰਨ ਭਾਗੀ ਹੋ ਜਿਨ੍ਹਾਂ ਦੇ ਘਰ ਐਸੇ ਸ਼ੁਭ ਯੋਗ ਸਮੇਂ ਪੁੱਤਰ ਦਾ ਜਨਮ ਹੋਇਆ। ਇਹ ਬਾਲਕ ਵਡਾ ਪ੍ਰਤਾਪੀ, ਪੂਜਨੀਕ ਹੋਵੇਗਾ। ਇਸ ਦੇ ਸਾਰੇ ਸ਼ੁਭ ਗੁਣਾਂ ਨੂੰ ਕਥਨ ਵਿਚ ਮੈਂ ਅਸਮ੍ਰਥ ਹਾਂ। ਇਸ ਉਤੇ ਕੇਵਲ ਪੁੱਤਰ ਭਾਵਨਾਂ ਨਾ ਰਖਣੀ, ਸਗੋਂ ਆਪਣੇ ਗ੍ਰਹਿ ਇਕ ਮਹਾਂ ਪ੍ਰਤਾਪੀ ਪੁਰਖ ਪ੍ਰਗਟ ਹੋਇਆ ਜਾਣ ਕੇ ਮਨ-ਬਾਣੀ ਸਰੀਰ ਨਾਲ ਸਤਿਕਾਰਦੇ ਰਹਿਣਾ।

ਜੋਤਸ਼ੀ ਪੰਡਿਤ ਦੇ ਮਨ-ਭਾਂਵਦੇ ਬਚਨ ਸੁਣ ਕੇ ਬਾਬਾ ਅਜੀਤ ਸਿੰਘ ਜੀ ਬਹੁਤ ਪ੍ਰਸੰਨ ਹੋਇ। ਆਪਣੇ ਆਪ ਨੂੰ ਵਡਭਾਗੀ ਅਤੇ ਅਕਾਲ ਪੁਰਖ ਦੀ ਕ੍ਰਿਪਾ ਦਾ ਪਾਤਰ ਜਾਣਿਆ ਤੇ ਅੰਨ, ਬਸਤ੍ਰ, ਨਕਦੀ ਦੀ ਦਿੱਤ ਦੇ ਕੇ ਪੰਡਿਤ ਨੂੰ ਵਿਦਾ ਕੀਤਾ।

# ਬਾਲ ਲੀਲ੍ਹਾ

## ਨਾਮ ਰਖਾਉਣਾ ਅਤੇ ਪੰਜ-ਸਾਲਾ ਗੀਤ

ਤੇਰ੍ਹਵੇਂ ਦਿਨ ਬਾਬਾ ਜੀ ਨੇ ਨਿਤ ਦੇ ਨਿਯਮ ਅਨੁਸਾਰ ਪਹਿਰ ਰਾਤ ਰਹਿੰਦੀ ਅਸ਼ਨਾਨ ਕਰਕੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕੀਤਾ ਤੇ ਅੰਤਰ ਆਤਮੇ ਸਵੈ ਸਰੂਪ ਵਿਚ ਮਗਨ ਹੋ ਬੈਠੇ। 'ਚਿੜੀ ਚਹੁਕੀ ਪੌਹ ਫੁਟੀ' ਆਪ ਦੇ ਨੇਤ੍ਰ ਖੁਲ੍ਹੇ ਤਦ ਕੜਾਹ ਪ੍ਰਸ਼ਾਦ ਦੀ ਦੇਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭੇਟ ਕੀਤੀ। ਅਰਦਾਸੇ ਮਗਰੋਂ ਸ਼ੁਕਰਾਨੇ ਵਿਚ ਸੀਸ ਨਿਵਾਇਆ ਤੇ ਧੁਰ ਕੀ ਬਾਣੀ ਦਵਾਰੇ 'ਸਾਹਿਬਜ਼ਾਦੇ' ਦੇ ਨਾਮ ਦੀ ਯਾਚਨਾ ਕੀਤੀ। ਗ੍ਰੰਥੀ ਜੀ ਨੇ ਇਹ ਵਾਕ ਸੁਣਾਇਆ।

"ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ
ਹੋਵੈ ਪਰਵਾਣੁ ਤਾਂ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ
ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾਂ ਦਰਗਾਹ ਪੈਦਾ ਜਾਇਸੀ ॥"

(ਸ੍ਰੀ ਆਸਾ ਜੀ ਦੀ ਵਾਰ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਹੁਕਮ ਸੁਣ ਕੇ ਸੰਗਤ ਨੇ 'ਸਾਹਿਬ' ਸ਼ਬਦ ਦੇ ਆਧਾਰ ਤੇ 'ਸਾਹਿਬ ਸਿੰਘ' ਨਾਮ ਦੀ ਜੈਕਾਰੇ ਨਾਲ ਪ੍ਰਵਾਨਗੀ ਦੇ ਦਿਤੀ ਤੇ ਪ੍ਰਸ਼ਾਦਿ ਵਰਤਾਉਣ ਮਗਰੋਂ ਦੀਵਾਨ ਦੀ ਸਮਾਪਤੀ ਕੀਤੀ ਗਈ ।

ਹੁਣ ਦੂਜ ਦੇ ਚੰਨ ਵਾਂਗੂੰ ਇਸ ਹੋਣਹਾਰ ਸਾਹਿਬਜ਼ਾਦੇ ਦਾ ਸਰੀਰ ਵੱਧਣ ਲਗਾ । ਭਾਵੇਂ ਕੁਝ ਦਾਸੀਆਂ ਵੀ ਇਨ੍ਹਾਂ ਦੇ ਸਰੀਰ ਦੀ ਹਰ ਤਰ੍ਹਾਂ ਨਾਲ ਸੇਵਾ ਸੰਭਾਲ ਕਰਦੀਆਂ, ਫਿਰ ਵੀ ਮਾਤਾ ਸਰੂਪਾਂ ਦੇਵੀ ਪੁਤਰ ਨੂੰ ਪਲ ਭਰ ਅਖੀਓਂ ਉਹਲੇ ਨ ਹੋਣ ਦਿੰਦੇ ਸਨ ਤੇ ਕੁਟਲ ਲੋਕਾਂ ਦੀ ਖੋਟੀ ਨਜ਼ਰ ਤੋਂ ਬਚਾਉਣ ਲਈ ਇਸ ਸਲੋਕ ਦਾ ਪਾਠ ਕਰਦੇ ਰਹਿੰਦੇ :—

ਸਿਰ ਮਸਤਕ ਰਖ੍ਯਾ ਪਾਰਬ੍ਰਹਮੰ ਹਸਤ ਕਾਯਾ ਰਖ੍ਯਾ ਪਰਮੇਸ੍ਵਰਹ ॥ ਆਤਮ
ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ ॥ ਸਰਬ ਰਖ੍ਯਾ
ਗੁਰ ਦਯਾਲਹ ਭੈ ਦੂਖ ਬਿਨਾਸਨਹਿ ॥ ਭਗਤ ਵਛਲ ਅਨਾਥ ਨਾਥੇ
ਸਰਣਿ ਨਾਨਕ ਪੁਰਖ ਅਚੁਤਹ ॥ (ਸਲੋਕ ਸਹਸਕ੍ਰਿਤੀ)

ਚਾਲੀ ਕੁ ਦਿਨ ਠੰਡ ਠੰਡ ਵਿਚ ਲੰਘ ਗਏ । ਰੁਤ ਬਦਲਨ ਲੱਗੀ ਜੇਠ ਹਾੜ ਦੇ ਦਿਨਾਂ ਵਿਚ ਸਾਹਿਬਜ਼ਾਦੇ ਦੇ ਕੋਮਲ ਸਰੀਰ ਨੂੰ ਗਰਮੀ ਤੋਂ ਬਚਾਉਣ ਲਈ ਮਾਤਾ ਜੀ ਕਈ ਤਰ੍ਹਾਂ ਦੇ ਉਪਰਾਲੇ ਕਰਦੇ, ਘਰ ਅੰਦਰ ਸੁਗੰਧੀ ਵਾਲੇ ਜਲ ਦਾ ਛਿੜਕਾਉ ਕਰਾਂਦੇ, ਪੱਖੇ ਝੁਲਾਂਦੇ, ਇਸ਼ਨਾਨ ਕਰਾਂਦੇ ਸੁਲਾਂਦੇ । ਜਾਗਦੇ ਤਾਂ ਕਦੀ ਰੋਂਦ, ਕਦੀ ਹਸਦੇ, ਤੇ ਕੋਮਲ ਕੋਮਲ ਬੁਲ੍ਹਾਂ ਨਾਲ ਮੁਸਕ੍ਰਾਂਦੇ ਹੁੰਦੇ । ਨੀਲੇ ਕੰਵਲ ਵਾਂਗੂੰ ਚਮਕਦੇ ਨੇਤਰ ਖੋਹਲਦੇ, ਤਾਂ ਜਿਸ ਵਲੇ ਵੇਖਦੇ ਮਨ ਨੂੰ ਮੋਹ ਲੈਂਦੇ ਸਨ ।

ਜਦੋਂ ਗਰਮੀਆਂ ਬੀਤ ਗਈਆਂ । ਚੁਮਾਸੇ ਦੀ ਬਹਾਰ ਆਈ ਤਾਂ ਚੌਹੀ ਪਾਸੀਂ ਜਿਥੇ ਜਿਥੇ ਕਿਧਰੇ ਥਲਾਂ ਪਹਾੜਾਂ ਵਿਚ ਹੀ ਜਲ ਹੀ ਜਲ ਤੇ ਹਰਿਆਵਲ ਦਿਸਦੀ । ਬਰਖਾ ਰੁੱਤ ਵੀ ਸੋਹਣੀ ਹੋਈ । ਸਰਦ ਰੁੱਤ ਆਈ, ਤਾਂ ਸਾਹਿਬਜ਼ਾਦੇ ਦੇ ਜਨਮਿਆਂ ਪਹਿਲੀ ਵੇਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਜਨਮ ਦਿਨ ਕੱਤਕ ਦੀ ਪੂਰਨਮਾਸ਼ੀ ਨੂੰ ਬਾਬਾ ਜੀ ਨੇ ਸ੍ਰੀ ਅਖੰਡ ਪਾਠ ਕਰਾਇਆ, ਕੜਾਹ ਪ੍ਰਸ਼ਾਦ ਦੀ ਦੇਗ ਤੇ ਅਤੁਟ ਲੰਗਰ ਵਰਤਾ ਕੇ ਗੁਰਪੁਰਬ ਮਨਾਉਣਾ ਕੀਤਾ ।

ਸਾਹਿਬਜ਼ਾਦਾ ਜੀ ਜਦੋਂ ਅੱਠ ਕੁ ਮਹੀਨਿਆਂ ਦੇ ਹੋਏ ਸਨ ਧਰਤੀ ਉਤੇ ਬੇਠਨ ਰਿੜ੍ਹਨ ਲਗ ਪਏ । ਸਰੀਰਕ ਸਤਾ ਵੱਧਣ ਲਗੀ, ਤਾਂ ਇਉਂ ਦਿਸਦੇ ਮਾਨੋ ਡੇਢ ਦੋ ਸਾਲ ਦੇ ਹਨ । ਰਿੜ੍ਹਦੇ-ਰਿੜ੍ਹਦੇ ਦੂਰ ਚਲੇ ਜਾਂਦੇ, ਤਾੜੀ ਵਜਾਂਦੇ, ਕਿਲਕਦੇ ਕਦੇ ਚੀਕਦੇ ਤਾਂ ਮਾਨੋਂ ਡਰਾਂਦੇ । ਪਿਤਾ ਜੀ ਚੁੱਕ ਕੇ

ਗਲੇ ਨਾਲ ਲਾਂਦੇ, ਤਾਂ ਦੋਵੇਂ ਬਾਹਵਾਂ ਅਗੇ ਪਿਛੇ ਕਰਕੇ ਚਿਮਟ ਜਾਂਦੇ ਸਨ ।

ਚਰਣ ਸੱਤਾ ਵਧਣ ਲਗੀ ਸੀ, ਚਲਨਾ ਫਿਰਨਾ ਅਤੇ ਬਾਲਕਾਂ ਨਾਲ ਖੇਲਨਾ ਸ਼ੁਰੂ ਕਰ ਦਿਤਾ । ਸ਼ੋਹਰੋਂ ਬਾਹਰ ਚਲੇ ਜਾਂਦੇ ਤਾਂ ਮਾਤਾ ਜੀ ਬਹੁਤ ਘਬਰਾਂਦੇ । ਇਸ ਤਰ੍ਹਾਂ ਦੀ ਬਾਲ ਲੀਲ੍ਹਾ ਦੇ ਕੌਤਕ ਕਰਦਿਆਂ ਜਦੋਂ ਇਹ ਤਿੰਨਾਂ ਸਾਲਾਂ ਦੇ ਹੋਏ ਸਨ ਬਾਬਾ ਅਜੀਤ ਸਿੰਘ ਜੀ ਦੇ ਘਰ ਦੂਜਾ ਸਾਹਿਬਜ਼ਾਦਾ ਜਨਮਿਆ, ਜਿਸ ਦਾ ਨਾਮ 'ਮਹਿਬੂਬ ਸਿੰਘ' ਰਖਿਆ ਗਿਆ ।

ਵਡੇ ਸਾਹਿਬਜ਼ਾਦੇ ਬਾਬਾ ਸਾਹਿਬ ਸਿੰਘ ਦੀ ਉਮਰ ਪੰਜ ਸਾਲਾਂ ਦੀ ਹੋਣ ਤੇ ਬੇਦੀ ਕੁਲ ਰੀਤੀ ਅਨੁਸਾਰ ਨੀਯਤ ਕੀਤੇ ਦਿਨ ਇਨ੍ਹਾਂ ਨੂੰ ਸਕੇਸੀ ਇਸ਼ਨਾਨ ਕਰਾਇਆ ਗਿਆ, ਅਗੋਂ ਲਈ ਕੇਸਾਂ ਦਾ ਗੁੰਦਨਾ ਛੱਡ ਕੇ ਜੂੜਾ ਕਰਵਾਇ ਕੇਸਰੀ ਦਸਤਾਰ ਸਜਾ ਕੇ ਖੁਸ਼ੀ ਵਿਚ ਲੰਗਰ ਅਤੇ ਕੜਾਹ ਪ੍ਰਸ਼ਾਦ ਵਰਤਾਇਆ, 'ਸਾਬਤ ਸੂਰਤ ਦਸਤਾਰ ਸਿਰਾ' ਹੋ ਜਾਨ ਤੇ ਇਸ ਸੋਹਣੀ ਸੂਰਤ ਵਾਲੇ ਛੋਟੇ ਬਾਬੇ ਦੀ ਮਸਤਕ ਦੀ ਨੂਰਾਨੀ ਝਲਕ ਨੇ ਲੋਕਾਂ ਦੀਆਂ ਪਲਕਾਂ ਨੂੰ ਆਪਣੀ ਵਲ ਖਿੱਚ ਲਿਆ ਸੀ । ਸਰੀਰ ਦੀ ਸੁੰਦਰਤਾ ਨੂੰ ਵੇਖਣ ਲਈ ਜੋ ਵੀ ਨਜ਼ਰ ਟਿਕਾਂਦਾ ਸੁਭਾਵਿਕ ਹੀ ਉਸ ਦਾ ਸੀਸ ਨਿਵ ਜਾਂਦਾ । ਲੋਕੀਂ ਇਹੋ ਹੀ ਅਨੁਮਾਨ ਕਰਦੇ ਕਿ ਇਹ ਬਾਬਾ ਵਡਾ ਹੋਣਹਾਰ, ਸ਼ਕਤੀ ਦਾ ਭੰਡਾਰ ਤੇ ਅਪਾਰ ਯੱਸ ਨੂੰ ਪ੍ਰਾਪਤ ਕਰਨ ਵਾਲਾ ਪ੍ਰਤਾਪੀ ਪੁਰਸ਼ ਹੋਵੇਗਾ । ਇਹਨਾਂ ਦੇ ਚਿਹਨ ਚਕ੍ਰ ਚਲਨੇ ਫਿਰਨੇ ਤੇ ਬੋਲਣ ਥੀਂ ਨਿਸਚੇ ਹੁੰਦਾ ਸੀ ਕਿ ਜਦੋਂ ਇਹ ਜਵਾਨ ਹੋਣਗੇ ਤਾਂ ਦੁਪਹਿਰ ਦੇ ਸੂਰਜ ਸਮਾਨ ਤੇਜ ਨਿਧਾਨ ਹੋਣਗੇ, ਅਤੇ ਕੋਈ ਦੁਸ਼ਮਨ ਇਨ੍ਹਾਂ ਦੇ ਸਾਹਮਣੇ ਅਟਕ ਨਹੀਂ ਸਕੇਗਾ । ਲੋਕੀਂ ਇਸ ਤਰ੍ਹਾਂ ਦਾ ਅਨੁਮਾਨ ਲਾਂਦੇ, ਕਿ ਭਾਗਾਂ ਵਾਲੇ ਉਹ ਪੁਰਸ਼ ਹੋਣਗੇ ਜੋ ਇਨ੍ਹਾਂ ਦੇ ਤੇਜ ਪ੍ਰਤਾਪ ਦੀ ਤਾਬ ਨੂੰ ਸ਼ਰਧਾ ਦੀ ਢਾਲ ਤੇ ਸਹਿਣਗੇ, ਅਤੇ ਨਿੱਤ ਦਰਸ਼ਨ ਕਰਨਗੇ । ਇਸ ਤਰ੍ਹਾਂ ਨਾਲ ਆਪ ਜੀ ਦੀ ਬਾਲ ਲੀਲ੍ਹਾ ਦੀ ਜਿਥੇ ਕਿਧਰੇ ਚਰਚਾ ਚਲੀ ਰਹਿੰਦੀ ਜੋ ਆਪ ਜੀ ਦੇ ਮਾਤਾ ਪਿਤਾ ਤੇ ਹਿਤਕਾਰੀਆ ਲਈ ਸੁਖ ਦਾ ਸਾਧਨ, ਅਤੇ ਨਗਰ ਵਾਸੀਆਂ ਲਈ ਪ੍ਰਸੰਤਾ ਦਾ ਕਾਰਨ ਸੀ ।

## ਗੁਰਮੁਖੀ ਵਿਦਿਆ ਪੜ੍ਹਨੀ ਅਤੇ ਸਤਿਗੁਰਾਂ ਦੀਆਂ ਸਾਖੀਆਂ ਸੁਣਨੀਆਂ

ਹੁਣ ਜਦੋਂ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਸਪੁੱਤਰ ਨੂੰ ਵਿਦਿਆ ਪੜ੍ਹਨੇ ਦੇ ਯੋਗ ਜਾਣਿਆ ਤਾਂ ਪੁਰਬੀ ਦਾ ਦਿਨ ਜਾਣ ਕੇ ਪੈਂਤੀ ਦਾ ਅਰੰਭ ਕਰ ਦਿਤਾ । ਬੁੱਧੀ ਸਵੱਛ ਸੀ, ਥੋੜ੍ਹੀ ਹੀ ਦਿਨਾਂ ਅੰਦਰ ਪੋਥੀ ਪੜ੍ਹਨੀ ਸ਼ੁਰੂ ਕਰ ਦਿਤੀ । ਸ੍ਰੀ ਜਪੁਜੀ ਸਾਹਿਬ ਵੀ ਕੰਠ ਕਰ ਲਈ ਤੇ ਕਈ ਕਈ ਪਾਠ ਨੇਮ ਨਾਲ ਦਿਨ ਵਿਚ ਕਰਨ ਲਗੇ । ਇਹ ਆਪ ਨੇ ਨਿਯਮ ਕਰ ਲਿਆ ਸੀ ਕਿ ਜਦੋਂ ਤੀਕ ਗੁਰੂ ਗ੍ਰੰਥ ਸਾਹਿਬ ਦਾ ਪਾਠ ਦੀਦਾਰ ਨ ਕਰ ਲੈਂਦੇ, ਪ੍ਰਸ਼ਾਦਿ ਨ ਛਕਦੇ, ਜੈਸੇ ਕਿ ਆਪ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਕਰਿਆ ਕਰਦੇ ਸਨ ।

ਬਾਬਾ ਜੀ ਕਦੀ ਕਦੀ ਸਾਹਿਬਜ਼ਾਦੇ ਨੂੰ ਮੌਜ ਵਿਚ ਬੈਠਿਆਂ ਦੇਖਦੇ ਤਾਂ ਇਨ੍ਹਾਂ ਨੂੰ ਆਪਣੇ ਵਡਿਆਂ ਦੀ ਕਥਾ ਕਹਾਣੀਆਂ ਵੀ ਸੁਣਾਇਆ ਕਰਦੇ । ਕਥਾ ਸੁਣਨ ਦਾ ਇਹਨਾਂ ਨੂੰ ਐਸਾ ਰਸ

ਆਵੇ ਕਿ ਰਾਤ ਨੂੰ ਨਿਤ ਬਾਬਾ ਜੀ ਦੇ ਗਿਰਦੇ ਹੋ ਜਾਂਦੇ ਤੇ ਆਖਦੇ—"ਜੀਆ ਜੀ ?" ਬਾਬੇ ਨਾਨਕ ਜੀ ਦੀ ਸਾਰੀ ਕਥਾ ਸੁਣਾਓ, ਤਾਂ ਸਪੁਤ੍ਰ ਦੀ ਭਗਤ ਭਾਵਨੀ ਦੇਖ ਕੇ ਬਾਬਾ ਜੀ ਇਕ ਦੋ ਸਾਖੀਆਂ ਨਿਤ ਸੁਣਾ ਦਿਆ ਕਰਦੇ, ਤੇ ਆਖਦੇ ਬਾਬੇ ਦਾ ਧਿਆਨ ਧਰ ਕੇ ਸੁਣੋ ! ਜਿਵੇਂ :

ਬਾਬੇ ਨੇ ਜਗ ਵਿਚ ਆ ਕੇ, ਜਲਵਾ ਅਚਰਜ ਦਿਖਾ ਕੇ।
ਹੱਸ ਹੱਸ ਕੇ ਮੁਸਕਰਾ ਕੇ, ਦਾਈ ਦਾ ਚਿੱਤ ਚੁਰਾ ਕੇ। ੧

ਚਿੱਤ ਮਾਤਾ ਦੇ ਠੰਢ ਪਾ ਕੇ, ਬੇਬੇ ਦਾ ਵੀਰ ਕਹਾ ਕੇ।
ਹਰਦਿਆਲ ਨਿਹਾਲ ਕਰਾ ਕੇ, ਸ੍ਰੀ ਨਾਨਕ ਨਾਮ ਧਰਾ ਕੇ। ੨

ਮੱਝਾਂ ਨੂੰ ਬਨੀਂ ਚਰਾਇਆ, ਖੇਤਾਂ ਨੂੰ ਹਰਾ ਕਰਾਇਆ।
ਬਚਿਆਂ ਨੂੰ ਨਾਲ ਖਿਡਾਇਆ, ਸਤਿਨਾਮ ਦਾ ਜਾਪ ਜਪਾਇਆ। ੩

ਧੁੱਪ ਨੂੰ ਇਕ ਥਾਂ ਟਿਕਾਇਆ, ਸ਼ੇਸ਼ ਨਾਗ ਨੇ ਕੀਤੀ ਛਾਇਆ।
ਤਾਂ ਰਾਇਬੁਲਾਰ ਸੀ ਆਇਆ, ਜਿਸ ਵੇਖ ਕੇ ਸੀਸ ਨਿਵਾਇਆ। ੪

ਹੱਲ ਆਪਣੀ ਹੱਥੀਂ ਵਾਹਿਆ, ਬੀ ਬੀਜ ਸੁਹਾਗਾ ਡਾਹਿਆ।
ਖੂਹ ਗੇੜ ਕੇ ਪਾਣੀ ਲਾਇਆ, ਕਰ ਗੋਡੀ ਖੇਤ ਜਮਾਇਆ। ੫

ਜਦ ਖੇਤ ਹਰਾ ਹੋ ਆਇਆ, ਗੁਰ ਦੇਵ ਨੇ ਖੇਲ ਰਚਾਇਆ।
ਪੇਂਡੂ ਪਸ਼ੂਆਂ ਨੂੰ ਡਾਹਿਆ, ਜੋ ਉਗਿਆ ਸਭ ਚੁਗਾਇਆ। ੬

ਸਾਧਾਂ ਨੂੰ ਰੋਟੀਆਂ ਖੁਆ ਕੇ, ਫਿਰ ਆਪ ਚਪੇੜਾਂ ਖਾ ਕੇ।
ਸੁਲਤਾਨ ਪੁਰੇ ਵਿਚ ਜਾ ਕੇ, ਉਥੇ ਮੋਦੀਖਾਨਾ ਚਲਾ ਕੇ। ੭

ਤੇਰਾ ਹਾਂ ! ਤੋਲ ਤੁਲਾ ਕੇ, ਭੁਖਿਆਂ ਨੂੰ ਵੰਡ ਵੰਡਾ ਕੇ।
ਲੇਖਾ ਗਿਣ, ਵਧ ਦਿਖਾ ਕੇ, ਸੱਚ ਵਾਲੀ ਨਿਮਾਜ਼ ਪੜ੍ਹਾ ਕੇ। ੮

ਵੇਈਂ ਵਿਚ ਟੁੱਭਕੀ ਲਾਈ, ਜਿਉਂ ਬਖਸ਼ਸ਼ ਧੁਰ ਦੀ ਪਾਈ।
ਸਤਿਨਾਮ ਦੀ ਦੋਹੀ ਫਿਰਾਈ; ਨੌਂ ਖੰਡੀ ਸ੍ਰਿਸਟ ਨਿਵਾਈ। ੯

ਲਾਲੋ ਦੀ ਰੋਟੀ ਨੇ ਖਾਈ, ਛੱਡੀ ਭਾਗੋ ਦੀ ਪਾਪ ਕਮਾਈ।
ਰੋੜਾਂ ਦੀ ਕਰੀ ਵਿਛਾਈ, ਬਾਬਰ ਦੀ ਚੱਕੀ ਚਲਾਈ।੧੦

ਸਜਨ ਠੱਗ ਸਾਧ ਬਨਾਇਆ, ਸਾਲਸ ਨੂੰ ਲਾਲ ਦਿਖਾਇਆ।
ਅਧਰਕਾ ਸੇਵਕ ਸਜਾਇਆ, ਝੰਡੇ ਨੂੰ ਮੰਜੀ ਬਹਾਇਆ।੧੧

ਸ਼ਿਵਨਾਭ ਨੂੰ ਜਾਇ ਤਰਾਇਆ, ਕਲਜੁਗ ਨੂੰ ਪਰੇ ਹਟਾਇਆ।
ਕੌਡੇ ਨੂੰ ਸ਼ਾਂਤ ਕਰਾਇਆ, ਮਰਦਾਨਾ ਦਾਸ ਬਚਾਇਆ।੧੨

ਗੰਗਾ ਵਿਚ ਪੁਰਬੀ ਨਹਾ ਕੇ, ਸਭ ਪੰਡਿਤਾਂ ਨੂੰ ਰਾਹੇ ਪਾ ਕੇ।
ਕੁਰਖੇਤ੍ਰ ਗ੍ਰਹਿਣ ਚਿ ਆ ਕੇ, ਵਹਿਮਾਂ ਥੀਂ ਲੋਕ ਹਟਾ ਕੇ।੧੩

ਤਿਉਂ ਜਗਨਨਾਥ ਪੁਰ ਜਾ ਕੇ, ਸੱਚ ਆਰਤੀ ਹੁੰਦੀ ਦਿਖਾ ਕੇ।
ਫਿਰ ਮੱਕੇ ਤਾਂਈਂ ਫਿਰਾ ਕੇ, ਹਰ ਥਾਂ ਵਿਚ ਰੱਬ ਸਿਝਾ ਕੇ।੧੪

ਜਾਂ ਯਾਦ ਭੈਣ ਨੇ ਕੀਤਾ, ਆ ਪਲ ਵਿਚ ਦਰਸ਼ਨ ਦਿਤਾ।
ਮਰਦਾਨੇ ਨੂੰ ਨਾਲੇ ਹੀ ਲੀਤਾ, ਮੁੜ ਦੇਸ ਦਾ ਦੌਰਾ ਕੀਤਾ।੧੫

ਸਿੱਧਾਂ ਨੂੰ ਚਰਨੀਂ ਨੇ ਲਾਇਆ, ਰੇਠੇ ਨੂੰ ਮਿਠਾ ਕਰਾਇਆ।
ਤੇ ਹਮਜ਼ਾ ਗੌਂਸ ਨਿਵਾਇਆ, ਵਲੀਆਂ ਦਾ ਗਰਬ ਹਟਾਇਆ।੧੬

ਧਨੀ ਪੋਠੋਹਾਰ 'ਚ ਵਿਚਰੇ, ਕਾਬਲ ਤੇ ਕੰਧਾਰ ਚਿ ਵਿਚਰੇ।
ਤਿੱਬਤ ਪਹਾੜ 'ਚ ਵਿਚਰੇ, ਕਾਂਸ਼ੀ ਤੇ ਬਿਹਾਰ ਚਿ ਵਿਚਰੇ।੧੭

ਫਿਰ ਢਾਕੇ ਬੰਗਾਲ ਸਿਧਾਏ, ਅਤੇ ਸੰਗਲਾਦੀਪ ਨੂੰ ਧਾਇ।
ਮੁੜ ਮਾਲਵੇ, ਮਾਝੇ ਆਇ, ਆ ਪੁਰ ਕਰਤਾਰ ਵਸਾਇ। ੧੮

ਕੀਤੀ ਨੇ ਖੇਡ ਨਿਯਾਰੀ, ਨਹੀਂ ਆਖੀ ਜਾਂਦੀ ਹੈ ਸਾਰੀ।
ਜਿਵੇਂ ਬਾਬੇ ਨੇ ਸ੍ਰਿਸ਼ਟੀ ਤਾਰੀ, ਬੇਦੀ ਕੁਲ ਜੱਗ ਚਮਕਾਰੀ।੧੯

ਫਿਰ ਥੋੜੇ ਹੀ ਦਿਨ ਬੀਤੇ, ਪ੍ਰਤਾਵ ਸਿਖਾਂ ਦੇ ਨੇ ਕੀਤੇ।
ਬਹੁ ਸਿਦਕੋਂ ਨਿਕਲੇ ਰੀਤੇ, ਇਕ 'ਲਹਿਣੇ' ਨੇ ਨੰਬਰ ਲੀਤੇ।੨੦

ਲਹਿਣੇ ਨੂੰ ਅੰਗਦ ਬਨਾਇਆ, ਅੰਗ ਨਾਲ ਜਦ ਗਲੇ ਲਾਇਆ।
ਫਿਰ ਚਰਨੀਂ ਸੀਸ ਨਿਵਾਇਆ, ਇਉਂ ਚੇਲੇ ਨੂੰ ਗੁਰੂ ਬਨਾਇਆ।੨੧

ਇਹ ਖੇਲ ਅਜੀਬ ਦਿਖਾਇਆ, ਅਤੇ ਸਭ ਪ੍ਰਵਾਰ ਬੁਲਾਇਆ।
ਸਿਖ ਸੰਗਤ ਨੂੰ ਸਮਝਾਇਆ, ਭਾਣੇ ਵਿਚ ਰਹੀਯੇ ਸਿਖਾਇਆ।੨੨

ਅੰਤਮ ਉਪਦੇਸ਼ ਸੁਣਾਇ, ਸਭ ਤਾਂਈਂ ਧੀਰਜ ਧਰਾਇ।
'ਅਸੂ ਵਦੀ ਦਸਮੀਂ ਮਾਂਹਿ, ਗੁਰੂ ਜੋਤੀ ਜੋਤ ਸਮਾਇ।੨੩
ਸੰਗਤ ਨੇ ਵਿਯੋਂਤ ਵਿਚਾਰੀ, ਸਸਕ੍ਰਾਰ ਦੀ ਕਰੀਏ ਤਿਆਰੀ

ਫਿਰ ਦੇਹੁਰਾ ਦੇਈਏ ਸਵਾਰੀ, ਯਾਦਗਾਰ ਰਹੇਗੀ ਭਾਰੀ।੨੪
ਉਤ ਮੁਸਲਮ ਮਿਲ ਕੇ ਸਾਰੇ, ਕਹੈਂ ਪੀਰਨ ਪੀਰ ਹਮਾਰੇ।

ਹਮੇਂ ਜਾਨ ਪ੍ਰਾਨ ਸੇ ਪਿਆਰੇ, ਦਫਨਾ ਕੇ, ਜ਼ਿਕਾਰਤ ਗੁਜ਼ਾਰੇਂ।੨੫
ਇਸ ਗਲ ਤੇ ਹੋ ਪਈ ਲੜਾਈ; ਬਾਬਾ ਜੀ ਨੇ ਕਲਾ ਦਿਖਾਈ।
ਜੋਤੀ ਤਾਂ ਜੋਤ ਸਮਾਈ, ਤੱਤ ਬੀ ਦਿੱਤੇ ਤੱਤਵ ਮਿਲਾਈ।੨੬

ਇਉਂ ਦੇਹੀ ਨੂੰ ਲਿੱਤਾ ਛਿਪਾਈ, ਤਦ ਪਲ ਵਿਚ ਮਿਟੀ ਲੜਾਈ।
ਦੋ ਚਾਦਰਾਂ ਰਹੀਆਂ ਪਿਛਾਂਟੀ, ਜੋ ਇਕ ਇਕ ਦੋਹਾਂ ਉਠਾਈ।੨੭
ਹਿੰਦੂਆਂ ਨੇ ਜੋ ਸੀ ਲੀਤੀ, ਅਗਨੀ ਦੀ ਭੇਟਾ ਨੇ ਕੀਤੀ।

ਤਿਉਂ ਤੁਰਕਾਂ ਨੇ ਨਿਜ ਰੀਤੀ, ਧਰਤੀ ਵਿਚ ਦਫਨ ਜੋ ਕੀਤੀ ।੨੮

ਝਗੜਾ ਇਉਂ ਗੁਰਾਂ ਚੁਕਾਇਆ, ਰਾਵੀ ਦਰਿਆ ਚੜ੍ਹਾਇਆ ।
ਦੋਹਾਂ ਦਾ ਥਾਂਉ ਰੁੜ੍ਹਾਇਆ, ਸਭ ਮੇਰ ਤੇ ਤੇਰ ਮਿਟਾਇਆ ।੨੯

'ਸ੍ਰੀ ਚੰਦ ਜੀ' ਭਾਲ ਸੋ ਥਾਨਾਂ, ਦਿੱਤਾ ਡੇਹਰਾ ਬਨਾਇ ਮਹਾਨਾ ।
'ਡੇਹਰਾ ਬਾਬਾ ਨਾਨਕ' ਜਾਨਾਂ, ਇਹੋ ਨਗਰ ਦਾ ਨਾਮ ਬਖਾਨਾ ।੩੦

ਇਸ ਨਗਰ ਦਾ ਜਨਮ ਹੈ ਤੇਰਾ, ਇਹ ਗੁਰੂ ਬਾਬੇ ਦਾ ਡੇਹਰਾ ।
ਜਿੱਥੇ ਬੇਦੀ ਬੰਸ ਘਨੇਰਾ, ਸੁਖ ਨਾਲ ਵੱਸੇ ਇਹ 'ਡੇਹਰਾ' ।੩੧

ਜੋ ਯਾਦ ਕਥਾ ਹੋਇ ਆਈ, ਸੰਖੇਪ ਸੋ ਤੁਝੇ ਸੁਨਾਈ ।
ਬਾਬੇ ਦੀ ਵਡੀ ਵਡਿਆਈ, ਬਅੰਤ ਹੈ ਬੇਅੰਤ ਸਦਾ ਈ ।੩੨

—o—

ਇਸ ਤਰ੍ਹਾਂ ਦੀਆਂ ਮਨੋਰੰਜਕ ਕਥਾਵਾਂ ਬਾਬਾ ਅਜੀਤ ਸਿੰਘ ਅਪਣੇ ਸਪੁਤ੍ਰ ਸ੍ਰੀ ਸਾਹਿਬ ਸਿੰਘ ਜੀ ਨੂੰ ਨਿੱਤ ਸੁਣਾਂਦੇ ਰਹਿੰਦੇ । ਬਾਬਾ ਜੀ ਨੇ ਇਨ੍ਹਾਂ ਨੂੰ ਆਪਣੇ ਵਡਿਆਂ ਦੇ ਨਾਮਾਂ ਦੀ ਬੰਸਾਵਲੀ ਸੁਣਾ ਕੇ ਦਸਿਆ—ਕਿ ਸਾਡੇ ਸਭ ਤੋਂ ਵਡੇ ਪਰਮ ਪੂਜਯ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸਪੁਤ੍ਰ ਸਨ । ਵਡੇ ਬਾਬਾ ਸ੍ਰੀ ਚੰਦ ਜੀ ਹੋਏ, ਇਹ ਬਾਲ ਜਤੀ ਹੀ ਰਹੇ । ਇਨ੍ਹਾਂ ਨੂੰ ਆਪਣੇ ਤੱਪ ਬਲ ਤੇ ਜਤ ਸੱਤ ਵਿਚ ਪੱਕੇ ਰਹਿਣ ਦੇ ਕਾਰਨ ਭਰੋਸਾ ਸੀ ਕਿ ਗੁਰੂ ਪਿਤਾ ਇਨ੍ਹਾਂ ਨੂੰ ਆਪਣੀ ਥਾਂ ਗੁਰੂ ਥਾਪਨਗੇ, ਪਰ ਗੁਰਿਆਈ ਗੁਰੂ ਅੰਗਦ ਜੀ ਨੂੰ ਮਿਲਨ ਤੇ ਇਹ ਨਾਰਾਜ਼ ਹੋ ਗਏ । ਪਰ ਪਿਤਾ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ ਸਮੇਂ ਜਦੋਂ ਨਿਰ ਅਭਿਮਾਨ ਹੋ ਕੇ ਇਨ੍ਹਾਂ ਨੇ ਗਿਆਨ ਉਪਦੇਸ਼ ਦੀ ਪ੍ਰਾਪਤੀ ਕੀਤੀ, ਤਾਂ ਮਾਨੋ ਕਪਾਟ ਖੁਲ੍ਹ ਗਏ । ਇਸ ਸਮੇਂ ਤੋਂ ਹੀ ਇਨ੍ਹਾਂ ਨੇ ਗ੍ਰਹਿਸਥ ਦੇ ਮੋਹ ਜਾਲ ਤੋਂ ਸਦਾ ਹੀ ਅਤੀਤ ਰਹਿਣ ਦਾ ਪ੍ਰਣ ਕਰ ਲਿਆ ਅਤੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਅੰਤਮ ਮਰਯਾਦਾ ਤੋਂ ਵੇਹਲ ਪਾ ਕੇ ਗੁਰੂ ਪਿਤਾ ਦੀ ਯਾਦਗਾਰ ਅੰਦਰ ਡੇਹਰਾ ਬਾਬਾ ਨਾਨਕ ਬਣਵਾਇਆ, ਅਤੇ ਸੰਧਿਆ ਸਮੇਂ ਸੋਦਰ ਆਰਤੀ ਪਿਛੋਂ 'ਨਾਨਕ ਸ਼ਾਹ ਪਾਤਸ਼ਾਹ ਕਾ' ਆਰਤਾ ਪੜ੍ਹਨ ਦੀ ਰੀਤੀ ਚਲਾਈ । ਫੇਰ ਪਿਤਾ ਗੁਰੂ ਦੀ ਉਦਾਸੀ ਭੇਖ ਦੀ ਪੁਸ਼ਾਕ, ਕਫਨੀ, ਭਗਵੀ ਚਦਰਾ ਤੇ ਸੇਲੀ ਆਦਿ, ਜੋ ਘਰ ਵਿਚ ਅਗੇ ਹੀ ਰਖੀਆਂ ਸਨ ਧਾਰਨ ਕਰ ਲਈਆਂ, ਅਤੇ ਗੁਰੂ ਜੀ ਦੇ ਚਲਾਏ 'ਉਦਾਸੀ ਭੇਖ' ਵਿਚ ਹੋ ਕੇ ਦੇਸ ਅੰਦਰ ਸਤਿਨਾਮ ਵਾਹਿਗੁਰੂ ਮੰਤ੍ਰ ਪ੍ਰਚਾਰਨ ਦੀ ਰੀਤ ਨੂੰ ਇਸ ਭੇਖ ਰਾਹੀਂ ਸੁਰਜੀਤ ਰਖਣ ਲਈ 'ਗ੍ਰਹਿਸਤ ਧਰਮ' ਦੇ ਨਾਲ ਹੀ ਵਿਰੱਕਤ ਸੰਪ੍ਰਦਾ ਦੀ ਲੜੀ ਵੀ ਚਲਾ ਦਿਤੀ । ਜਿਸ ਤੇ ਇਸੇ ਨਾਮ ਨਾਲ ਅਗੋਂ ਆਪ ਦੀ ਉਦਾਸੀ ਸੰਪ੍ਰਦਾ ਦੀ ਥ੍ਰਿਪੀ ਵੀ ਹੋਈ ।

ਬਾਬਾ ਅਜੀਤ ਸਿੰਘ ਜੀ ਨੇ ਫੇਰ ਸੁਣਾਇਆ ਕਿ ਗੁਰੂ ਨਾਨਕ ਦੇਵ ਜੀ ਦੇ ਦੂਜੇ ਸਾਹਿਬਜ਼ਾਦੇ ਸ੍ਰੀ ਬਾਬਾ ਲਖਮੀ ਚੰਦ ਜੀ ਹੋਏ, ਇਹ ਵੀ ਬੜੇ ਮਹਾਂਪੁਰਖ ਤੇ ਸ਼ਕਤੀਮਾਨ ਸਨ । ਇਹ ਵੀ ਵਿਰੱਕਤ ਜ਼ਿੰਦਗੀ ਹੀ ਬਤੀਤ ਕਰਨਾ ਚਾਹੁੰਦੇ ਸਨ, ਪਰ ਆਪਣੇ ਪੂਜਯ ਪਿਤਾ ਜੀ ਦੀ

ਬਿੰਦੀ ਸੰਤਾਨ ਦੀ ਜਗਤ ਸਾਂਝ 'ਬੇਦੀ ਬੰਸ' ਦੀ ਪੀੜ੍ਹੀ ਨੂੰ ਅਟੱਲ ਰਖਣ ਲਈ ਬਾਬਾ ਸ੍ਰੀ ਚੰਦ ਜੀ ਨੇ ਜ਼ੋਰੋ ਜ਼ੋਰੀ ਇਹਨਾਂ ਦਾ ਵਿਆਹ ਕਰਾ ਕੇ ਗ੍ਰਿਹਸਤੀ ਬਣਾ ਦਿਤਾ। ਜਿਸ ਤੇ ਗੁਰੂ ਨਾਨਕ ਦੇਵ ਜੀ ਦੇ ਦੂਜੇ ਸਪੁਤ੍ਰ ਦੂਜੀ ਪੀੜ੍ਹੀ ਵਿਚ ਬਾਬਾ ਲਖਮੀ ਚੰਦ ਜੀ ਹੋਏ।

ਅਗੇ ਇਨ੍ਹਾਂ ਦੇ ਸਪੁਤ੍ਰ

| | |
|---|---|
| ਤੀਜੀ ਪੀੜ੍ਹੀ | ਬਾਬਾ ਧਰਮ ਚੰਦ ਜੀ |
| ਚੌਥੀ ਪੀੜ੍ਹੀ | ਬਾਬਾ ਮਾਣਿਕ ਚੰਦ ਜੀ |
| ਪੰਜਵੀਂ ਪੀੜ੍ਹੀ | ਬਾਬਾ ਦਾਤਾਰ ਚੰਦ ਜੀ |
| ਛੇਵੀਂ ਪੀੜ੍ਹੀ | ਬਾਬਾ ਪਹਾੜ ਚੰਦ ਜੀ |
| ਸਤਵੀਂ ਪੀੜ੍ਹੀ | ਬਾਬਾ ਹਰਿ ਕਰਣ ਚੰਦ ਜੀ |
| ਅਠਵੀਂ ਪੀੜ੍ਹੀ | ਬਾਬਾ ਨਿਹਾਲ ਚੰਦ ਜੀ |
| ਨੌਵੀਂ ਪੀੜ੍ਹੀ | ਬਾਬਾ ਕਲਾਧਾਰੀ ਜੀ |

ਦਸਵੀਂ ਪੀੜ੍ਹੀ ਹੁਣ ਅਸੀਂ ਬਾਬਾ ਅਜੀਤ ਸਿੰਘ ਜੀ ਬੇਦੀ ਅਤੇ ਗਿਆਰਵੀਂ ਪੀੜ੍ਹੀ ਦੇ ਤੁਸੀਂ 'ਸਾਹਿਬ ਸਿੰਘ' ਬੇਦੀ ਹੋ।

ਪਿਤਾ ਜੀ ਤੋਂ ਇਸ ਬੰਸਾਵਲੀ ਨੂੰ ਸੁਣਿਆ ਤਾਂ ਸਾਹਿਬਜ਼ਾਦੇ ਸ੍ਰੀ ਸਾਹਿਬ ਸਿੰਘ ਦੀ ਅੱਖੀਆਂ ਵਿਚੋਂ ਪ੍ਰੇਮ ਦੇ ਟੇਪੇ ਟਪਕਨ ਲਗੇ। ਬਾਬਾ ਅਜੀਤ ਸਿੰਘ ਜੀ ਨੇ ਦੇਖਿਆ ਕਿ ਗੁਰੂ ਘਰ ਦੀ ਕਥਾ ਸੁਣਣ ਵਿਚ ਇਨ੍ਹਾਂ ਦੀ ਰੁਚੀ ਵੱਧ ਤੋਂ ਵੱਧ ਹੁੰਦੀ ਜਾ ਰਹੀ ਹੈ। ਆਪ ਨੇ ਫਿਰ ਗੁਰੂ ਅੰਗਦ ਦੇਵ ਜੀ ਦੀ ਕਥਾ ਵੀ ਸੁਣਾਈ। ਜਿਸ ਤਰ੍ਹਾਂ ਕਿ ਆਪ ਨੇ ਦੇਵੀ ਦੀ ਉਪਾਸ਼ਨਾ ਛੱਡ ਕੇ ਗੁਰੂ ਜੀ ਦੀ ਸਰਨ ਪ੍ਰਾਪਤ ਕੀਤੀ, ਅਤੇ ਗੁਰੂ ਪਦਵੀ ਪਾਈ। ਫਿਰ ਗੁਰੂ ਅਮਰ ਦਾਸ ਜੀ ਦਾ ਇਤਿਹਾਸ ਤੇ ਗੁਰੂ ਰਾਮ ਦਾਸ ਜੀ ਦੀ ਕਥਾ ਸੁਣਾਈ। ਜਿਸ ਤਰ੍ਹਾਂ ਕਿ ਆਪ ਜੀ ਨੇ ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ ਅਰੰਭ ਕਰਾਈ ਅਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਤੋੜ ਚੜ੍ਹਾ ਕੇ ਵਿਚ ਹਰੀ ਮੰਦਰ ਦੀ ਨੀਂਹ ਰਖਾਈ, ਅਤੇ ਬੜੇ ਯਤਨਾਂ ਨਾਲ ਗੁਰਬਾਣੀ ਨੂੰ ਇਕੱਤ੍ਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਧਾਈ, ਅਤੇ ਧੁਰੋਂ ਆਈ ਬਾਣੀ ਦੇ ਸਤਿਕਾਰ ਨੂੰ ਕਾਇਮ ਰਖਦਿਆਂ ਹੋਇਆਂ ਆਪ ਕਿਸ ਤਰ੍ਹਾਂ ਨਾਲ ਦੇਗਾਂ ਵਿਚ ਉਬਾਲੇ ਗਏ ਸੀ। ਤੱਤੀਆਂ ਲੋਹਾਂ ਤੇ ਬਿਠਾਏ ਗਏ, ਕੋਮਲ ਅਤੇ ਨਗਨ ਸਰੀਰ ਉਤੇ ਗਰਮ ਰੇਤੇ ਦੀ ਤਪਸ਼ ਨੂੰ ਸਹਾਰਦੇ ਹੋਏ ਭਾਣਾ ਮੰਨ ਕੇ ਸ਼ਹੀਦੀ ਪ੍ਰਾਪਤ ਕੀਤੀ, ਪਰ ਆਪਣੇ ਦ੍ਰਿੜ ਵਿਸ਼ਵਾਸ ਤੇ ਕੀਤੇ ਬਚਨ ਤੇ ਅਟੱਲ ਰਹੇ। ਜਹਾਂਗੀਰ ਨੇ ਜਿਥੇ ਗੁਰੂ ਅਰਜਨ ਦੇਵ ਨੂੰ ਤਸੀਹੇ ਦੇ ਕੇ ਮਰਵਾ ਦਿਤਾ ਸੀ ਨਾਲ ਹੀ ਗੁਰੂ ਘਰ ਦਾ ਸਭ ਕੁਝ ਜ਼ਬਤ ਕਰਕੇ ਗੁਰੂ ਜੀ ਦੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਫੜ ਕੇ ਕਿਲ੍ਹਾ ਗੁਆਲੀਅਰ ਵਿਚ ਕੈਦ ਕਰਾ ਦਿਤਾ ਸੀ ਪਰ ਬਾਅਦ ਵਿਚ ਅਸਲੀਅਤ ਦੀ ਸਮਝ ਆਏ ਵੇਲੇ ਛੱਡ ਦਿਤਾ ਸੀ।

# Nanak

**Rt. Hon'able Sir William Milbourne James**

The original founder (of the Sikh fraternity) was Nanuk, who was, in the truest sense of the word, a religious reformer. His tenets breathed the spirit of the purest morality and self-denial, even to austerity; and he endeavoured to establish the worship of the One God, purifying the religious belief of his countrymen alike from the debasing idolatries of the Brahmans and the intolerant bigotry of the Mohammedans. Universal brotherhood and equality were the basis of the new faith; the entire absence of caste distinction was the rule of the new church. Whoever was initiated into the body was received with a solemn rite, in which men of all castes participated, in token that between them for the future there was to be no caste. Originally the followers of Nanuk were by profession and by practice a peace society, but as their numbers multiplied they attracted the attention of the rulers, and they were, as all religious reformers have always been, persecuted, oppressed, and slandered. A new organization was given to them by their second founder, Govind (Singh), by which they were taught the right of self-defence against their oppressors; the exhibition of manly courage in resistance was made their great duty, the practice of military arts their paramount education.

For some generations there was a succession of pontiffs, first the successors of Nanuk the peaceful; next the successors of Govind the warlike, each of whom was acknowledged as the "Gooroo" or Spiritual Head, in whom was supposed to dwell the Divine Spirit. But ultimately, and long before the period of our narrative, all individual spiritual headship was abolished, and it was accepted as part of their creed that the Divine Spirit which had lodged in the individual Gooroos had now mystically entered in some ineffable manner into the whole congregation of the Faithful, and thus the Khalsa, or fraternity became itself a mysic and sacred body. In their new organization, as in their old, they were cruelly persecuted. Wholesale massacres, the most atrocious tortures, the burning of towns, the devastation of the country, were the modes resorted to by the Mohammedan sovereigns of convincing their heretical subjects. Orthodox

Christians could not have behaved more rigorously towards their heterodox neighbours, nor shown more zeal in the cause of God, nor taken more vigorous measures for the extirpation of a soul-destroying heresy. The Sikhs were crushed, but,, for the most part disdaining apostasy, took refuge in the wildest and most inaccessible mountains, in dreary and pestiferous jungels, where a few of them succeeded in evading the destroying zeal of the true believers.

One is not surprised to find that the English, who first described these Sikhs, describe in terms of enthusiasm their material qualities, their independent bearing, and their marked superiority, physical and mental. to the people around them, and speak of them as of men whose very frames had grown and dilated from the effects of their religion and their manly independence. Perhaps to some extent the visible superiority of the race may be explaned by the consideration, that the men who were ready to accept the simple dogmas of Nanuk, and to throw off alike the debasing subjection of caste and the superstitious veneraiion of the Mohammedan for his saints' tombs, and his fakirs and dervishes, must have been of superior mental mould to the mass, and that the men, who were ready to join the warlike association of Govind (Singh), to devote, themselves to the profession of arms, and to cherish the project of achieving their independence by actual war against the sovereigns of Hindostan, must have been men of that physical mould and adventurous disposition to whom also the chances and danger of such a profession and such a project would have charms. From such men the tribe is descended, and by converts from such men its numbers were from time to time swollen; but making allowance for this, it is impossible not to believe that the men, whose sires had been brought up to look on themselves as free men, to love independence and equality amongst themselves, and superiority and rule over others, and to look down with contempt on the superstitions of the masses around them, should, even in their physical development, show the effects of such a training working through successive generations.

## Nanuk The Founder of Sikhism

**General Sir Charles Gough and Arthur D. Innes**

Nanuk, the founder of the Sikh sect, was born in 1469, in the neighbourhood of Lahore. A seeker after truth from his earliest years, he tried study, solitary meditation, travel, and Intercourse with his neighbours, but failed to find

either in Islam or in the current Hinduism the satisfaction which his soul desired; but he penetrated beneath the crust of obssrvances and conventions. and found the root of the matter in the Unity of God and the equality of men before Him. He made no attempt to formulate his religious teaching scientifically, nor did he attempt to frame a creed; but, if it is legitimate to apply an exceedingly modern terminology to what was in effect his doctrine, it might be said that he found salvation in good deeds as the fruit of a good will. He set himself to teach men the way of salvation, not as a ruler, but as a servant of God to whom the light had been shown, coming to bring not strife among men but peace.

Nanuk is remarkable as being not only a really great reformer but one who seems to have inspired singularly little animosity. He appears to have remained on excellent terms alike with Hindus and Mohammedans, insomuch that when he died a dispute arose as to whether his body should be buried as a Mussulman's or burned as a Hindu's, since he acknowledged Mohammed as wall as the Hindu 'incarnations' as among the prophets of God. The secrct of the personal favour in which he was held seems to have lain not merely in the gentleness of his disposition and the charm of his character, but also in the manner in which he put forth his claims, and the total absence of any pretensions for himself which could be interpreted as arrogant or impious. When he denied the religious importance of caste, he did not denounce the Brahmins, while to the Mohammedans he appeared as a Hindu who was almost persuaded to be a Mohammedan. The unostentatious virtue of his own life, the absence of austerity combined with the practice of the moral principles which he preached, appealed to the humanity of those whom he ceme in contact. Since he preached no crusade against conventions, he did not excite the wrath of those who were attached to them; while the fundamental principles on which he laid vital stress were such as must always, in virtue of their 'sweet reasonableness', appeal to every religious mind, and most of all to those large classes who found in orthodox Hinduism but little consolation in the next world for the sorrows of the present.

Thus did Nanuk found the religious sect or brotherhood who called themselves Sikhs, or 'disciples'; a sect entirely religious sect entirely religious, without any political aim or organisation, based on two fundamental principles : the Unity of God and the Brotherhood of Man, without distinction of race, caste or creed. His teaching is embodied in the book known as the Granth.

The torch of Nanuk was handed on through a series or successors bearing

the title of guru, which is perhaps best rendered by the term prophet. The guru being recognised as the head of the sect, it was inevitable, under the pressure of guasifeudal custom, that his followers should acquire something of the character of feudal retainers. The fifth guru, Arjun, is the first in whom the germ of a political leapership comes to be recognised; in the sixth, Har Govind, it developes. Har Govind, in addition to his office as the religious light of the Sikhs was forced by circumstances to adopt a military training, and, being naturally fitted thereto, he gave his following a decidedly martial character.

# Nanak the Reformer

**Sir John J. H. Gorcon**

The Sikh religion originated with the teaching of Nanak who from being a wandering Hindu devotee settled down about the year 1500 as a missionary preacher to his countrymen, proclaiming a deistic doctrine, embracing what was best in the two ancient faiths of Hindu and Budhist—the personal God of the one and the spiritual equality of the other. He was born in 1469 in a village near Lahore in the Punjab, the son of a jat [? Khatri] farmar and small trader. As a boy he was thoughtful, reserved, and inclined to devotion. He early showed the bent of his mind by puzzling his teacher with question as to the existence of God. At the age of nine he shocked the family Brahman priest by refusing to be invested with the sacred thread at the Hindu ceremony of initiation contending that it was a useless form. As a youth, to the distress of his father, he was antagonistic to the ways of the world, despising money-making. Later on marriage faild to divert his mind from the religious turn. He then at the age of thirty-two became a public preacher, and, garbed as a fakir, left his home to attain religious wisdom by travel and intercourse with others in the foreign lands, accompanied by four companions as disciples, one of them being the family bard. His sayings and the verses he composed in praise of God were sung by this minstrel to the sound of the rabab, or Eastern lute, as he said the 'skill of the strings' was necessary to attract listeners. His family now looked on him as mad. In his ardent desire to find a resting-place among the conflicting creeds of men he wandered ovet all India, and visited Ceylon, Mecca, Persia, and Kabul. The story is told of him that while at Mecca the Kazi observed him asleep with his feet towards the holy Kaaba, the object of Mahomedan

devotion. He was angrily roused, abused as an infidel, and asked how he dared to dishonour God's house by turning his feet towards it. "Turn then, if you can in a direction where God's house is not," was his reply.

On returning to his home after his wanderings he threw aside the garb and habits of the fakir, saying that the numerous religions and castes which he had seen in the world were the devices of men; that he had read Mahomedan Korans and Hindu Purans, but God was nowhere found in them. All was error. He now thought his followers that abandonment of the world after the manner of ascetics was quite unnecessary; that true religion was interwoven in the daily affairs and occupations of life; that God treated all men with equal favour; and that between the hermit in his cell and the king in his palace no difference was made in respect of the kingdom to come. "God will not ask man of what caste or race he is. He will ask him what he has done" As a man sows, that shell he reap. He contended against the furious bigotry of the Mahomedans and the deep-rooted superstition and caste thraldom of the Hindus, and aimed at reforming and reconciling the two creeds. He proclaimed the unity of God and the equality of all men before God; condemned idolatry and inculcated a righteous religious life with brotherly love to one another. He said he was but a man among men, mortal and sinful as they were; that God was all in all, and that belief in the Creator, self-existent, omnipresent and omnipotent, without beginning and everlasting, was the only way to salvation— the one thing needful being firm reliance on God, who was to be worshipped in spirit and in truth; to have abiding companionship with Him, to let His name be continally in their hearts and on their lips, and to pray without ceasing. "The just shall live by faith." This was the key-stone of his doctrine.

He now no longer avoided society, but live as the head of his family and as a patriarch, preaching openly at all the country fairs in his neighourhood. He met with violent opposition from the Hindu zealots, who reproached him for laying aside the habits of a fakir. "A holy teacher has no defence but the purity of his doctrine. The world may change, but the Creator is unchangeable," was his reply. No Brahman of ony note now acknowledged him. The Jat peasantry formed the mass of his disciples. They resorted from all parts, attracted by his preaching, and he soon exercised great influence over vast numbers, who looked on him as their 'Guru' or spiritual guide. With their offerings he established almshouses where crowds of poor and helpless were fed. He died at his home in 1539, at the age of seventy-one.

He was a contemporary of Luther, and, like the German Reformer, he

preached no new faith, but contended that religion had become obscured and transformed during the course of centuries. One of the stories told of him in his crusade against the superstitious and forms of the priesthood is that on one occasion seeing some Brahmans at their morning devotions by a stream balin out water with their hands facing the east, going through the ceremony of quenching the thirst of dead clients in another world, he, on the opposite bank, began to do the same facing the west. The Branmans, thinking him a fakir out of his senses, remonstrated with him, saying that all his labours were in vain, and that he could not hope to relieve the thirst of the departed by such heretical actions. Nenak replied, "I am not giving water to my dead, but irrigating my fields in Kartarpur to prevent them drying up the scorching heat of the sun." "Waterlng your fields in Kartarpur, such a long way off ! How can these handfuls of water benefit your fields at such a distance ?" the Brahmans scoffingly repleed. "How can, then, your waters." rejoined Nanak, "reach the next world and quench the thirst of your dead ? If the water cannot benefit my crops, which are in this world, how can it benefit your dead in another ?"

Nanak's followers were called Sikh, from sicsha, a Sanscrit world signifying disciple or devoted ,ollower, corrupted into Sikh, pronounced Sick, and he was called by them Baba Nanak or Guru Nanak—Father Nanak or the Spiritual guide. when he felt that his end was approaching he appointed as his successor in the Guruship one of his most faithful followers, passing over his two sons despite their remonstrances, one of them being an ascetic and the other a man of the world. He selected whom he thought most fit by moral courage and devotion to the cause to carry on his ministry unimpaired, He did not consider the office he had created a hereditary one, but this was later on brought about by a father's strong affection for a devoted and ambitious daughter,. The religion which Nanak founded would have sunk into oblivion, as befell that of other reformers in India before him, but his foresight in creating an apostleship and selecting a succcessor before his death saved it.

Sikhism had its root solely in religious aspirations. It was a revolt against the tyranny of Brahmanism. On throwing off the yoke, Nanak and his disciples reverted intinctively to the old theistic creed of their ancestors. The simple-minded Jat peasantry to whom he spoke were inclined to the reception of religious reform. Brahmanism was not so deeprooted in them as in the mass of Hindus in Hindostan ; regard for caste was weak, that of tribe and race strong. Their old Getic faith had felt a lasting impression on their independent character

which profoundly modified their beliefs a Hindus, for the ancient Getes, according to Herodotus, were Theists, and held the tenets of the soul's immortality. With the spread and ascendancy of Hinduism idolatry and priestcraft reigned supreme, and caste exclusiveness, with its narrow restrictions, pressed heavily on the lower classes, who had little consolation to hope for in the next world for the hardships of the present.

As the period between the downfall of Budhism and the advent of Islam was of comparatively short duration, the doctrine of the innate sup riority of Brahmanisn was rudely shaken by the success of the Mahomedan invaders, inspired with the religious zeal os their new faith, proclaiming the unity of God, denouncing idolatry, and disregarding ths bonds of caste. Early in the fifteenth century Hindu reformers had risen in Hindostan who seized upon the doctrine of man's equality before God, assailed the worship ot idols, the authority of Hindu Shasters and Mahomedan Koran, and the exclusive use of a learned language in religious books unintelligible to the lower orders. They strove to emancipate men's minds from priestcraft and polytheism, and advanced in some measure the cause of enlightenment. The people were appealed to in their own tongue and told that perfect devotion was compatible with the ordinary duties of the world. These reformers passed away and left no successors, but their writings were very popular among the people from being in a spoken language. Nanak's susceptible mind had been influenced by these writings, some of which were afterwards embodied in the sacred book of the Sikhs.

Nanak was the only Hindus reformer who established a national faith. He rose out of the dust as a great preacher with a great theme which he boldly proclaimed, waking up the people to a higher nation of religion. It is a strange coincidence that from being a Hindu devotee he did so at the very time when Luther, the German monk, nailed his famous these to his church door at Wittenberg, starting the Reformation in the West, both intent on denouncing wnat they considered the errors in their religions. His preaching attracted the ettention of the Mahomedan governors, who reported that a fakir preaching doctrines at varience with Hindu Vedas and Mahomedan Koran gaining much influence among the peasantry, which might prove serious to the Government. At that time Babar with his conquering Moghuls was entering the Punjab from north. He was summoned to Delhi to appear before the Emperor, who after hearing him ordered him to be confined in prison. Thers hes remained for seven months, until Babar captured Delhi and established the Moghul power. Babar

interviewed him, when he defended his doctrine with firmness and eloquence. He was released, returned to his home, and continued his ministry.

He extricated his disciples from the accumulated er ors of ages. Regarding them merely as disciples he had no views of political advancement. As a preacher of peace and goodwill to man he told them to 'fight with valour, but with no weapon except the word of God," an injuction to which his successors in the apostleship later on, when driven by persecution to defend themselves, added, "and with the sword of the Lord." His care was to prevent his people from contracting into a sect or into monastic distinctions; proving this by excluding his son, a meditative ascetic, from the ministry after him—the son who justified his fears by becoming the founder of a sect called "Oodasses, indifferent to the world," still existing in considerable members, proud of their origin, and using the 'Granth' but not regarded as genuine Sikhs.

Nanak's line of the Bedi clan through his younger son has been preserved to the present day. During these four hundred years they have been held in much veneration by all Sikhs, trusted and protected in the stormy times out of regard for their ancestor. An interesting personality at the recent Coronation celebration in London was baba Sri Khem Singh Bedi, K. C. I. E., one of the representatives sent from the Punjab, an old man of great influence and of proved loyalty, who has stood by the British Government from the day, as he expressed it, since the line of Ranjit Singh was ended—the lineal descendant in the fourteenth generation from the Sikh reformer, and the present head of the family. He spoke with decision for his co-religianists, of their fervid loyalty and of their readiness to prove it again and again in the future as they had done in the past, in defence of the King-Emperor and his kingdom. Recently in the columns of a Punjeb newspaper he has expressed his conviction that the political object which led the Sikhs to adopt a military life—viz., the establishment of a perfectly peacefui Government and the maintenance of a rule of justice and religious toleration—has been completely realised under the benign reign of the British Government, and that the Sikhs, fully regarding that Government as a god-send, have accordingly placed themselves entirely at its service.

# ਪੁਰਾਤਨ ਜਨਮ ਸਾਖੀ

( ਬਾਬਾ ਮੇਹਰਬਾਨ ਜੀ ਸੋਢੀ ਵਾਲੀ, ਵਿਚੋਂ )

## ਨਾ ਕੋਈ ਹਿੰਦੂ ਨਾ ਮੁਸਲਮਾਨ

### ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਦੌਲਤ ਖਾਨ ਨਾਲ)

ਤਬ ਓਹ ਦਵਲਤ ਖਾਨਿ ਪਾਸ, ਖਾਨਿ ਕੇ ਲੋਕ ਜਾਇ ਖੜੇ ਹੋਏ। ਉਨਹੁ ਜਾਇ ਕਹਿਆ ਜਿ, "ਜੀ, ਨਾਨਕੁ ਨਾਹੀ ਆਵਤਾ।" ਕਹੈ, "ਰੇ ! ਤੁਮਹੁ ਕਿਆ ਕਹਿਆ ਥਾ ?" ਕਹੈ ਜੀ, "ਹਮਹੁ ਕਹਾ ਥਾ ਜਿ ਨਾਨਕ ਜੀ ਤੁਮ ਕਉ ਖਾਨੁ ਬੁਲਾਵਤਾ ਹੈ।" ਕਹੈ, "ਜੀ ਹਮਹੁ ਕਹਾ ਜਿ ਦਵਲਤ ਖਾਨੁ ਲੋਦੀ ਬੁਲਾਵਤਾ ਹੈ।" ਤਬ ਆਗੇ ਤੇ ਨਾਨਕ ਕਹਿਆ ਜਿ "ਭਾਈ ! ਮੈਂ ਦਵਲਤ ਖਾਨਿ ਲੋਦੀ ਸਾਥਿ ਕਿਆ ਹੈ। ਜਾਂ ਮੇਰਾ ਖਾਨੁ ਬੁਲਾਵੇਗਾ ਤਾ ਮੈਂ ਜਾਵਾਂਗਾ।" ਤਬ ਖਾਨਿ ਜੀ ਕਹਿਆ ਜਿ, "ਰੇ ! ਤੁਮ ਇਉ ਜਾਇ ਕਰਿ ਕਹਹੁ ਜਿ ਨਾਨਕ ਜੀ, ਤੂੰ ਰਜਾਇ ਖੁਦਾਇ ਤੂ ਆਓ।" ਤਬ ਓਹੁ ਦਵਲਤ ਖਾਨਿ ਕੇ ਲੋਕ ਬਹੁੜਿ ਗੁਰੂ ਬਾਬੇ ਨਾਨਕ ਜੀ ਪਾਸਿ ਗਏ। ਉਨਹੁ ਜਾਇ ਕਰਿ ਕਹਿਆ ਜੀ, "ਨਾਨਕ ਜੀ ! ਖਾਨੁ ਕਹਿਦਾ ਹੈ ਜਿ ਰਜਾਇ ਖੁਦਾਇ ਏਕ ਬਾਰਿ ਈਹਾ ਆਓ ਆਪਣਾ ਦੀਦਾਰੁ ਦੇਹਿ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਜੀ ਚਲੀਐ ਅਬ ਮੇਰੇ ਖਾਨ ਕਾ ਹੁਕਮੁ ਆਇਆ ਹੈ, ਚਲੀਐ।" ਤਬ ਗੁਰੂ ਬਾਬੇ ਜੀ ਗਲਿ ਵਿਚ ਮੁਕਤਾ ਬਾਹਿ ਕੈ ਆਪਣੇ ਗਲਿ ਮਹਿ ਉਨਹੁ ਨਫਰਹੁ ਕੈ ਹਾਥਿ ਦੀਆ, "ਜੇ ਭਾਈ ! ਮੇਰੇ ਖਾਨ ਕਾ ਅਬ ਹੁਕਮ ਆਇਆ ਹੈ, ਤੁਮ ਮੁਝ ਕਉ ਗਲਿ ਮੁਤਕਾ ਬਾਹਿ ਕਰ ਲੇ ਚਲਹੁ।" ਤਬ ਉਨਹੁ ਕਹਿਆ ਜਿ, "ਜੀ, ਹਮਰੀ ਕਵਨੁ ਹਦ ਹੈ ਜਿ ਹਮਿ ਗਲਿ ਬਾਹਿ ਕਰਿ ਲੇ ਜਾਹਿ।" ਤਬ ਉਹਿ ਗੁਰੂ ਬਾਬੇ ਨਾਨਕ ਕਉ ਬੁਲਾਇ ਕਰਿ ਲੇ ਗਏ ਪਰੁ ਮੁਤਕਾ ਬਾਬੇ ਕੇ ਗਲੇ ਹੀ ਮਹਿ ਆਪਣੇ ਹਾਥਿ ਸਿਉ ਪਕੜਿਆ ਹੂਆ ਜਾਇ ਦਵਲਤ ਖਾਨੁ ਲੋਦੀ ਪਾਸ ਖੜਾ ਹੋਆ। ਤਬ ਦਲਵਤ ਖਾਨੁ ਕਹਿਆ ਜਿ, "ਆਈਐ ਜੀ, ਆਈਐ ਜੀ ਨਾਨਕ ! ਬੈਠੀਐ।" ਤਬ ਗੁਰੂ ਨਾਨਕ ਜੀ ਦਸਤ ਪੰਜਾ ਲੈ ਕਰਿ ਬੈਠ ਗਿਆ। ਤਬ ਦਲਵਤ ਖਾਨੁ ਕਹਿਆ ਜਿ, "ਨਾਨਕ ਜੀ ! ਅਸਾਂ ਵਿਚ ਇਹ ਬਹੁਤ ਗੁਸਤਾਕੀ ਪਈ ਹੈ ਜਿ ਤੇਰਿਆਂ ਪੈਰਾਂ ਪਾਸਿ ਨਾਹੀ ਗਏ। ਸਾਹ ਜੀ ! ਰਜਾਇ ਖੁਦਾਇ ਏਹੁ ਗੁਸਤਾਕੀ ਮਾਫ਼ ਕਰਨੀ। ਅਰੁ ਜੀ, ਇਹ ਮੁਤਕਾ ਗਲਿ ਥੀਂ ਉਤਾਰਣਾ, ਰਜਾਇ ਖੁਦਾਇ ਅਸਾਂ ਊਪਰਿ ਮਿਹਰਵਾਨੁ ਹੋਵਣਾ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਖਾਨਿ ਜੀ ! ਖੁਦਾਇ ਦਾ ਅਮਰੁ ਜਿ ਕੋਈ ਮੰਨੇਗਾ ਤਿਸ ਦੇ ਗੁਨਾਹ ਸਭੁ ਮਾਫੁ ਹੋਵਣਗੇ।" ਤਬ ਦਲਵਤ ਖਾਨਿ ਲੋਦੀ ਕਾਜੀ ਕਉ ਕਹਿਆ ਜਿ, "ਏ ਕਾਜੀ ! ਤੂ ਜਿ ਕਿਛੁ ਬਾਤ ਕਰਤਾ ਥਾ ਸਿ ਨਾਨਕ ਜੀ ਹਜੂਰਿ ਹੈ, ਜੋ ਕਿਛੁ ਪੂਛਨਾ ਹੈ ਸਿ ਪੂਛ ਲੇਹੁ, ਪਸਗੈਬਤ ਧਰਣੀ ਭਲੀ ਨਾਹੀਂ।" ਤਬ ਕਾਜੀ ਕਹਿਆ ਜਿ, "ਏ ਨਾਨਕ ! ਤੂੰ ਜੇ ਕਹਿਦਾ ਹੈ ਜਿ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ, ਸਿ ਇਹ ਬਾਤ

ਕਿਉਂ ਕਹਦਾ ਹੈ ? ਤੈ ਜਿ ਦੋਵੈ ਰਾਹ ਰਦੁ ਕਰੇ ਸਿ ਕਿਉਂ ? ਜੇ ਹਿੰਦੂ ਅਰ ਮੁਸਲਮਾਨੁ ਕੋਈ ਨਾਹੀ, ਨਾ ਹਿੰਦੂ ਤਉ ਰਹੇ. ਪਣੁ ਮੁਸਲਮਾਨੁ ਭੀ ਨਾਹੀ ਕੋਈ ? ਨਾ, ਸਰਾ ਮੁਸਤਫਾਹ ਕਾ ਹਕੁ ਦੀਨੁ ਮੁਹੰਮਦ ਕਾ ਕਾਇਮ ਹੈ ? ਅਰੁ ਤੂੰ ਜਿ ਕਹਤਾ ਹੈ ਮੁਸਲਮਾਨ ਕੋਈ ਨਾਹੀ ਸਿ ਇਹ ਬਾਤ ਕਿਉਂ ਕਹਦਾ ਹੈ ?' ਤਬ ਗੁਰੂ ਬਾਬੇ ਨਾਨਕ ਜੀ ਸਰੀਅਤਿ ਕੇ ਘਰਿ ਮਹਿ ਬਾਨੀ ਬੋਲ ਉਠਾ:-

ਸਲੋਕੁ- ਮੁਸਲਮਾਣੁ ਕਹਾਵਣੁ ਮੁਸਕਲੁ, ਹੈ ਕੋ ਮੁਸਲਮਾਣੁ ਕਹਾਵੈ ॥
ਅਵਲਿ ਅਮਲ ਦੀਨੁ ਕਰਿ ਮਿੱਠਾ, ਮੁਸਲਮਾਨੀ ਮਾਲੁ ਮੁਸਾਵੈ ॥
ਹੋਇ ਮੁਸਲਮੁ ਦੀਨ ਮੁਹਾਣੈ, ਮਰਣ ਜੀਵਣ ਕਾ ਭਰਮ ਚੁਕਾਵੈ ॥
ਰਬ ਰਜਾਇ ਸਹੈ ਸਿਰਿ ਊਪਰਿ, ਕਰਤਾ ਮੰਨੈ ਆਪੁ ਗਵਾਵੈ ॥
ਸਰਬ ਜੀਆਂ ਮਿਹਰਾਮਤਿ ਨਾਨਕ ਹੋਇ ਤਾਂ ਮੁਸਲਮਾਣੁ ਕਹਾਵੈ ॥

ਤਿਸਕਾ ਪਰਮਾਰਥੁ :-

ਤਬ ਗੁਰੂ ਬਾਬੇ ਨਾਨਕ ਜੀ ਕਹਿਆ, "ਕਾਜੀ ! ਮੁਸਲਮਾਨੁ ਕਹਾਵਣੁ ਮੁਸ਼ਕਲੁ ਹੈ, ਸਹਲੁ ਨਾਹੀ । ਜੇ ਕੋਈ ਮੁਸਲਮਾਨੁ ਕਹਾਏ ਸਿ ਮੁਸਲਮਾਨੁ ਕਿਨਾ ਵਸਤੂ ਥੀਂ ਹੋਵੈ ? ਕਵਨ ਕਵਨ ਕਰਤਬੀਂ ਹੋਵੈ ? ਪਹਿਲਾ ਅਵਲਿ ਅਮਲ ਸਾਲਹ ਖੂਬੁ ਕਰ । ਹਜਰਥ ਕਾ ਦੀਨੁ ਮਿਠਾ ਲਾਗੈ । ਦੁਨੀਆਵਿ ਮਾਮਲੇ ਤੇ ਮੁਸਲਮਾਨੁ ਪਾਕੁ ਰਹੈ । ਦੁਨੀਆਂ ਦੇ ਨਜੀਕਿ ਨਾ ਆਵੈ । ਮਰਣੁ ਅਰੁ ਜੀਵਣੁ ਕਿਆ ਹੈ । ਜੀਵਣੁ ਕਉ ਝੂਠੁ ਕਰਿ ਜਾਣੈ ਅਰੁ ਮਰਣੁ ਕਉਂ ਸਚੁ ਕਰਿ ਜਾਣੈ । ਤਉ ਮੁਸਲਮਾਨੁ ਹੋਇ । ਅਰੁ ਖੁਦਾਇ ਦੀ ਰਜਾਇ ਸਿਰਿ ਊਪ੍ਰਰਿ ਸਹੈ । ਜੇ ਖੁਦਾਇ ਦੁਖੁ ਦੇਇ ਤਾਂ ਕਬੂਲੁ । ਜੇ ਸੁਖੁ ਦੇਵੈ ਤਾਂ ਕਬੂਲ । ਖੁਦਾਇ ਦੇ ਕੀਤੇ ਨੋ ਈਵ ਜਾਣੈ । ਅਰੁ ਆਪ ਨੂੰ ਰਦੁ ਕਰੈ, ਖੁਦਾਇ ਦੀ ਕੁਦਰਤਿ ਸਹੀ ਸਤਿ ਕਰ ਜਾਣੈ, ਤਾਂ ਮੁਸਲਮਾਨੁ ਹੋਵੈ । ਆਪ ਨੋ ਏਵ ਨਾ ਕਹੈ ਜਿ ਹਉਂ ਕਿਛੁ ਹਾਂ । ਜਿ ਜੀਉ ਖੁਦਾਇ ਤਾਲਹ ਪੈਦਾ ਕੀਆ ਹੈ, ਏਤਨੇ ਜੀਅ ਦੇ ਊਪਰ ਮਿਹਰਵਾਨੁ ਹੋਵੈ । ਰੰਜੁ ਕਿਸੀ ਕਉਂ ਨਾ ਕਰੈ । ਬੁਰਾ ਕਿਸੀ ਕਾ ਨਾ ਮਨਾਈਂ ਤਾਂ ਮੁਸਲਮਾਨੁ ਹੋਵੈ । ਤਿਸੁ ਪਾਕਿ ਮੁਸਲਮਾਨੁ ਕਹੀਐ ਜਿ ਏਵ ਸਭ ਕਮਾਵੈ । ਕਾਜੀ ਜੀ ! ਜਿ ਏਵ ਸਭ ਕਮਾਵੈ ਤਾ ਹੀ ਮੁਸਲਮਾਨੁ ਹੋਵੈ ਅਰੁ ਤਾਂ ਹੀ ਏਹੁ ਛੂਟੈ, ਨਾਹੀ ਤਾਂ ਨਾ ਛੂਟੇ ।" ਤਬ ਕਾਜੀ ਕਹਿਆ ਜਿ "ਏ ਨਾਨਕ ਜੀ ! ਮੁਸਲਮਾਨੁ ਭਾਵੈ ਤੈਸਾ ਹੋਇ, ਮੁਸਲਮਾਨੁ ਸਭਿ ਛੁਟਨਿਗੇ । ਹਜਰਥੁ ਸਭਨਾ ਕਉ ਛੁਡਾਵੈਗਾ । ਕੁਲਿ ਮੁਸਲਮਾਨੁ ਕਉ ਹਜਰਥੁ ਛੁਡਾਵੈਗਾ । ਹਜਰਥੁ ਖੁਦਾਇ ਪਾਸਿ ਅਰਦਾਸੁ ਕਰੈਗਾ; "ਯਾ ਖੁਦਾਇ ਏਨਾ ਤੇਰਾ ਅਮਰੁ ਮੰਨਿਆ ਹੈ, ਹਜਰਥ ਕੇ ਦੀਨ ਮਹਿ ਆਏ ਹੈਂ, ਏਨਾਂ ਕਲਮਾ ਯਾਦ ਕੀਆ ਹੈ, ਤੂੰ ਏਨਾ ਦੇ ਬਾਬਿ ਮਿਹਰਬਾਨ ਹੋਹਿ, ਬਖਸਿ ਲੈ ।" ਏਤਨੇ ਕਹਿਣੇ ਹਜਰਥੁ ਰਸੂਲ ਦੇ ਨਾਲਿ ਜਿਤਨੇ ਮੁਸਲਮਾਨੁ ਹੈਨਿ, ਏਤਨੇ ਛਡਿ ਮਿਲਣਗੇ । ਸਦਕੇ ਹਜਰਥੁ ਰਸੂਲ ਦੇ ਸਾਥਿ ਨਾਨਕ ਜੀ ਮੁਸਲਮਾਨੁ ਸਭਿ ਛੂਟਿਣਗੇ ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਕਾਜੀ ਜੀ ! ਹਜਰਥਿ ਰਸੂਲਿ ਮੁਰਦਾਰੁ ਮਨਹਿ ਕੀਆ ਹੈ ਅਰੁ ਮੁਸਲਮਾਨੁ ਹੋਇ ਕਰਿ ਉਹ ਮੁਰਦਾਰੁ ਖਾਇਗਾ; ਉਸ ਕਉ ਹਜਰਥੁ ਰਸੂਲੁ ਕਿਉਂ ਕਰਿ ਛੁਡਾਇਗਾ ?" ਤਬ ਕਾਜੀ ਕਹਿਆ ਜਿ; "ਨਾਨਕ ਜੀ ! ਜਿਸ ਕਾ ਨਾਮੁ ਮੁਸਲਮਾਨੁ ਹੋਵੇਗਾ ਸੁ ਮੁਰਦਾਰੁ ਨਾ ਖਾਵੈਗਾ । ਮੁਰਦਾਰੁ ਹਿੰਦੂਆਂ ਨੋ ਖੁਦਾਇ ਖਾਣਾ ਦੀਆ ਹੈ ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ; "ਮੁਰਦਾਰੁ ਆਪੋ ਆਪਣੇ ਰਾਹਿ ਵਿਚ ਮਨਹਿ ਹੈ । ਹਿੰਦਵਾਂ ਨੋ ਗਾਇ ਮਨਹਿ ਹੈ ਅਰੁ ਮੁਸਲਮਾਨਾਂ

ਕਉਂ ਸੂਅਰ ਮਨਹਿਹੈ । ਕਾਜ਼ੀ ਜੀ ! ਮਨਾਹਿ ਸਭਨਾ ਨੋ ਹੈ ਮੁਰਦਾਰੁ ।" ਤਬ ਕਾਜੀ ਕਹਿਆ ਜੋ. "ਏ ਨਾਨਕ ਜੀ ! ਕਿਆ ਕਿਆ ਮੁਰਦਾਰੁ ਮਨਹਿ ਹੈ . ਤੂ ਕਹੁ ਦਿਖਾ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਸਰੀਅਤਿ ਕੇ ਘਰ ਮਹਿ ਬਾਣੀ ਬੋਲਿ ਉਠਾ :–

ਸਲੋਕੁ– ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਮੁਹੰਮਦੁ ਹਾਮਾ ਤਾ ਭਰੈ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੀਐ ਅਮਲ ਕਮਾਇ ॥
ਮਾਰਣਿ ਪਵਹਿ ਹਰਾਮ ਵਿਚਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ, ਕੂੜੋ ਪਲੈ ਪਾਇ ॥ ੨ ॥

ਤਿਸ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ; ਜਿ "ਸੁਣਿ ਹੇ ਕਾਜੀ ਜੀ ! ਮੰਨਾਹੀ ਕਿਸ ਦਾ ਨਾਉਂ ਹੈ ? ਜਿ ਖੁਦਾਇ ਦੀ ਕਲਾਮ ਹੈ ਸਿ ਹਜਰਥੁ ਰਸੂਲਿ ਕਹੀ ਹੈ । ਜਿ ਖੁਦਾਇ ਦੇ ਲਿਖੇ ਵਿਚਿ ਮਨਾਹੀ ਹੈ ਜਿ ਹਜਰਥੁ ਰਸੂਲਿ ਮਨਾਹਿ ਕੀਆ ਹੈ ? ਕਿਆ ਕਿਆ ਮਨਾਹਿ ਕੀਆ ਹੈ ? ਇਹੁ ਜੋ ਪਰਾਇਆ ਹਕੁ ਹੈ ਸੋ ਭੀ ਖੁਦਾਇ ਅਰੁ ਹਜਰਥੁ ਮਨਹਿ ਕੀਆ ਹੈ । ਬੰਦਿਆਂ ਦੇ ਬਾਬੁ ਜੋ ਪਰਾਇਆ ਹਕੁ ਹਰਾਮੁ ਹੈ, ਨਾਹੀ ਖਾਣਾ । ਹਿੰਦੂਆਂ ਨੋ ਗਾਇ ਮਨਹਿ ਹੈ ਖਾਣਿਆਂ ਵਿਚਿ । ਅਰੁ ਮੁਸਲਮਾਨਾਂ ਨੋ ਸੂਅਰੁ ਮਨਹਿ ਹੈ ਖਾਣਿਆਂ ਵਿਚ । ਸਿ ਸੂਅਰੁ ਜਿ ਹੈ ਸੁ ਏਹੁ ਪਰਾਇਆ ਹਕੁ ਹੈ । ਨਾ ਕਿਛੁ ਜਨਾਵਰਾਂ ਕਉ ਕਹਿਆ ਹੈ । ਕਾਜੀ ਜੀ ! ਜਿ ਮੁਸਲਮਾਨ ਹੋਇ ਕਰਿ ਪਰਾਇਆ ਹਕੁ ਖਾਇਗਾ ਸਿ ਮੁਰਦਾਰੁ ਖਾਇਗਾ । ਪਤਾਇਆ ਹਕੁ ਨਾਹੀ ਖਾਣਾ । ਹਦੀਸ ਹਜਰਥੁ ਜੀ ਵਿਚਿ ਲਿਖਿਆ ਹੈ । ਅਰੁ ਹਿੰਦੂਵਾਂ ਕਉ ਗਊ ਮਨਾਹਿ ਹੈ, ਸਿ ਏਹੀ ਪਰਾਇਆ ਹਕੁ ਗਾਂਇ ਹੈ । ਜਿਨਿ ਪਰਾਇਆ ਹਕੁ ਖਾਧਾ ਤਿਨਿ ਗਊ ਖਾਧੀ । ਪਰਾਇਐ ਹਕਿ ਖਾਧੈ ਨਰਕਿ ਜਾਈਦਾ ਹੈ । ਨ ਕਿਛੁ ਗਊ ਦੇ ਹਥਿ ਨਰਕੁ ਹੈ । ਹਿੰਦੂ ਨੋ ਪਰਾਇਆ ਹਕੁ ਗਾਇ ਹੈ । ਅਰੁ ਮੁਸਲਮਾਨੁ ਨੋ ਮੁਰਦਾਰੁ ਏਹੁ ਪਰਾਇਆ ਹਕੁ ਸੂਅਰੁ ਮਨਹਿ ਹੈ । ਹੇ ਕਾਜੀ ਜੀ ! ਮੁਹੰਮਦ ਤਿਸ ਹੀ ਦੀ ਹਾਮੀ ਭਰੇਗਾ ਜਿ ਏਹ ਮੁਰਦਾਰੁ ਨਾ ਖਾਇਗਾ, ਹਕੁ ਪਰਾਇਆ । ਤਿਸ ਹੀ ਕਉਂ ਕਹੈਗਾ ਜਿ "ਏਹ ਮੇਰਾ ਹੈ ਅਰੁ ਮੇਰੇ ਦੀਨ ਵਿਚ ਇਹ ਆਇਆ ਹੈ; ਇਸ ਕਉਂ ਬਖਸੀਏ ਏਹ ਪਰਾਏ ਹਕਿ ਨਜੀਕ ਨਾਹੀਂ ਆਇਆ. ਏਸੁ ਕਉ ਬਖਸੀਐ । ਪਰ ਜੀ; ਜਿਨੀ ਏਹੁ ਪਰਾਇਆ ਹਕੁ ਖਾਇਆ ਹੈ ਸਿ ਏਹੁ. ਮੁਰਦਾਰੁ ਹੈ, ਤਿਨਾ ਕੀ ਹਾਮੀ ਮੁਹੰਮਦ ਨ ਭਰੈਗਾ । ਜਿਨੀ ਕੂੜੀ ਕੂੜੀ ਗਲਾ ਸੁਣੀ ਸੁਣਾਈ ਕੀਤੀ ਅਰੁ ਮੁਰਦਾਰੁ ਭੀ ਦਿਲ ਥੀਂ ਮਨਹਿ ਨਾ ਕੀਤਾ ਤਾਂ ਉਹ ਗਲੀ ਕੂੜ ਦੀ ਛੁਟਦਾ ਨਾਹੀ । ਛੂਟੇ ਤਾ ਹੀ, ਜਾਂ ਸਚਾ ਹੋਇ ਕਰਿ ਸਚੇ ਦਿਲਿ ਨਾਲਿ ਸਚੇ ਦੇ ਰਾਹਿ ਚਲੈ । ਅਰੁ ਸਚ ਕੀ ਕਰਣੀ ਕਮਾਵੈ ਤਾ ਹੀ ਛੁਟੇ । ਈਵ ਛੁਟਦਾ ਨਾਹੀ । ਇਹੁ ਨਿਵਾਜ ਕਰੈ, ਰੋਜੇ ਰਖੈ ਅਰੁ ਬੁਰਿਆਈ ਉਪਰਿ ਕਦਮੁ ਨ ਰਖੈ, ਪਰਾਇਆ ਹਕੁ ਨਾ ਖਾਇ ਤਾਂ ਏਹੁ ਨਿਵਾਜ ਰੋਜਾ ਹੈਨਿ, ਸਿ ਏਹਿ ਮਾਰਣਿ ਹੈਨਿ । ਜੇ ਹਲਾਲ ਵਿਚਿ ਏਹਿ ਮਾਰਣ ਪਵਹਿ ਤਾਂ ਖਾਣਾ ਸਵਰੈ, ਲਜਤਿ ਖਾਣ ਦੈ । ਅਤੇ ਨਿਵਾਜ ਰੋਜਾ ਕਰਿ ਕਰਿ ਪਰਾਇਆ ਹਕੁ ਖਾਇ ਤਾਂ ਜੇ ਲਉਂਗ ਲਾਇਚੀਆਂ ਮਰਚਾਂ ਸੁੰਢ ਜਾਇਫਲ

ਕੇਸਰ ਹਰਾਮ ਵਿਚਿ ਪਵਨਿ, ਏਹਿ ਮਾਰਣ ਪਵਨਿ। ਤਾਂ ਏਹਿ ਮਾਰਣਿ ਭੀ ਗਏ, ਹਰਾਮ ਦੇ ਖਾਣੇ ਵਿਚਿ ਪਏ ਤਾਂ ਹਰਾਮੁ ਹੋਇ ਗਏ। ਖਾਣਾ ਭੀ ਗਇਆ। ਜੇ ਏਨਿ ਕੂੜ ਦੀਆਂ ਗਲਾਂ ਕੀਤੀਆਂ ਤਾਂ ਏਸ ਨੋ ਕੂੜ ਨਾਲਿ ਦੀਨੁ ਪਲੈ ਨਾ ਪਵਦਾ ਹੈ। ਕੂੜੁ ਹੀ ਕੂੜੁ ਹੋਇ ਜਾਇ। ਬਿਨਾ ਸਚ ਥੀਂ ਏਹੁ ਹਕੁ ਨੋ ਨਾਹੀਂ ਪਹੁਚਤਾ। ਛੂਟੇ ਤਾਂ ਜਾਂ ਸਚਾ ਹੋਇ।" ਤਾਂ ਫਿਰਿ ਕਾਜੀ ਕਹਿਆ ਜਿ, "ਨਾਨਕ ਜੀ! ਏਵ ਨਾਹੀ, ਜਿਨ ਏਕ ਬਾਰਿ ਹਜਰਥੁ ਕਾ ਕਲਮਾ ਪੜ੍ਹਿਆ ਹੈ ਅਰੁ ਪੰਜ ਵਖਤਿ ਨਿਵਾਜ ਕਰਤਾ ਹੈ ਅਰੁ ਸਿਦਕ ਸਾਬਤ ਰਹਿਤਾ ਹੈ ਸੋ ਮੋਮਨ ਮੁਸਲਮਾਨ ਹੋਇਗਾ। ਅਵਸਿ ਭਿਸਤਿ ਜਾਇਗਾ। ਹਦੀਸ ਹਜਰਥੁ ਦੀ ਵਿਚਿ ਲਿਖਿਆ ਹੈ ਨਾਨਕ ਜੀ!" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿ ਹੋ ਕਾਜੀ ਜੀ! ਏਹ ਨਿਵਾਜਾਂ ਤੂੰ ਕਹਦਾ ਹੈ। ਏਨੀ ਨਿਵਾਜੀ ਭਿਸਤਿ ਨਾਹੀ ਜਾਈਦਾ। ਉਹਿ ਨਿਵਾਜਾ ਹੋਰਿ ਹੈਨਿ ਜਿਨੀ ਕਰਿ ਕਰਿ ਭਿਸਤਿ ਜਾਈਦਾ ਹੈ। ਤਿਨਾਂ ਨਿਵਾਜਾਂ ਦਾ ਨਾਤੁ, ਰੋਜਿਆਂ ਦਾ ਨਾਉ, ਉਨਾ ਨਿਵਾਜਾਂ ਦਿਆਂ ਵਖਤਾਂ ਦੇ ਨਾਉਂ ਹੋਰਿ ਹੈਨਿ।" ਤਬ ਕਾਜੀ ਕਹਿਆ: "ਜਿ, ਨਿਵਾਜਾਂ ਦੇ ਨਾਵ ਹੈਨਿ, ਕਲਮੇ ਦੇ ਨਾਵ ਹੈਨਿ, ਵਖਤਾਂ ਦੇ ਨਾਉ ਹੈਨਿ ਤਾਂ ਅਸਾਨੋ ਸੁਣਾਈਅਹਿ।" ਤਬ ਗੁਰੂ ਬਾਬ ਨਾਨਕ ਜੀ ਕਹਿਆ ਜਿ, "ਸੁਣਿਅਹੁ ਕਾਜੀ ਜੀ" ਤਬ ਗੁਰੂ ਬਾਬੇ ਜੀ ਸਰੀਅਤਿ ਮਹਿ ਸਲੋਕੁ ਕਹਿਆ ਜਿ.-

ਸਲੋਕੁ- ਪੰਜਿ ਨਿਵਾਜਾ ਵਖਤਿ ਪੰਜਿ ਪੰਜਾ ਪੰਜੇ ਨਾਉ ॥
ਪਹਿਲੀ ਸਚੁ ਹਲਾਲੁ ਦੁਇ ਤੀਜੀ ਖੈਰੁ ਖੁਦਾਇ ॥
ਚਉਥੀ ਨੀਅਤਿ ਰਾਸਿ ਕਰਿ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ ੩ ॥

ਤਿਸ ਕਾ ਪਰਮਾਰਥੁ :-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਕਾਜੀ ਜੀ! ਨਿਵਾਜਾਂ ਕੇ ਨਾਵ ਹੈਨਿ, ਪਰਕਿਰਤ ਪਿਛੈ ਨਾਉ ਹੈ। ਨਾਉ ਵਟੀਦਾ ਹੈ, ਪਰ ਪਰਕਿਰਤਿ ਨਾਹੀ ਵਟੀਦੀ। ਪਰਕ੍ਰਿਰਤਿ ਦਾ ਨਾਉ ਤਦੇ ਵਟੀਐ ਜਾ ਉਸ ਦੀ ਪਰਕਿਰਤਿ ਹੀ ਫਿਰੈ। ਚੋਰ ਕਉ ਚੋਰ ਹੀ ਚੋਰ ਸਦੀਂਦਾ ਹੈ। ਨਾਉਂ ਸਦਾਏ ਨਾਉਂ ਫਿਰੈ, ਪਰ ਪਰਕਿਰਤਿ ਨਾ ਫਿਰਈ। ਚੋਰ ਕਉ ਚੋਰ ਹੀ ਚੋਰ ਕਹੀਐ। ਜਬ ਚੋਰੀ ਕੀ ਪਰਕਿਰਤਿ ਮਿਟੈ, ਸਾਧੁ ਹੋਇ, ਤਬ ਉਹ ਚੋਰ ਕੀ ਪਰਕਿਰਤਿ ਮਿਟੈ। ਅਰ ਸਾਧੂ ਹੋਇ। ਤਬ ਉਹ ਨਾਉ ਚੋਰ ਕਾ ਮਿਟਿ ਜਾਇ, ਸਾਧੂ ਕਹੀਐ। ਫਿਰ ਤਿਸ ਕਉ ਚੋਰ ਕੋਈ ਨ ਕਹੇ। ਸਭ ਕੋਈ ਸਾਧੂ ਹੀ ਕਹੈ। ਚੋਰ ਕੋਈ ਨ ਕਹੈ। ਨਾਉ ਭਾਵੈ ਤਿਤਨੇ ਧਰਾਏ। ਪਣੁ ਸਭ ਕੋਈ ਉਸ ਕਉ ਸਾਧੁ ਕਹੈ। ਤਿਉ ਪੰਜਿ ਨਿਵਾਜਾ ਕੇ ਨਾਵ- ਪਹਿਲੀ ਨਿਵਾਜ ਇਹ ਜਿ ਸਚ ਬੋਲੈ। ਸਚ ਕਮਾਵੈ ਤਾਂ ਇਹ ਪਹਿਲੀ ਨਿਵਾਜ ਥਾਇ ਪਵੈ। ਪਹਿਲੀ ਨਿਵਾਜ ਕਾ ਨਾਉ ਸਚ, ਵਖਤ ਕਾ ਨਾਉ ਕਮਾਵਣਾ। ਦੂਜੀ ਨਿਵਾਜ ਕਾ ਨਾਉ ਹਲਾਲ ਖਾਇ. ਹਰਾਮ ਕੇ ਨੇੜੇ ਨ ਆਵੈ। ਹਲਾਲ ਏਹ ਜਿ ਪਰਾਇਐ ਕਿਤੈ ਨਾ ਛਿਪਈ. ਜਿ ਕਿਛੁ ਖੁਦਾਇ ਏਸ ਨੋ ਦੀਆ ਹੈ ਸੋਈ ਏਸ ਨੋ ਹਕ ਹਲਾਲ ਹੈ। ਤੀਸਰੀ ਨਿਵਾਜ ਏਹ ਜਿ ਹਲਾਲ ਦੇ ਦਾਣੇ ਕਮਾਣੇ ਵਿਚਹੁ ਦਸਾਂ ਨਹੁਆਂ ਦਾ ਖਟਿਆ, ਤਿਸੁ

ਵਿਚਹੁ ਕਿਹੁ ਖੈਰ ਖਰਾਇਤਿ ਕਰੇ, ਸੋਈ ਹੀ ਖੈਰ ਏਸ ਦਾ ਥਾਂਹਿ ਪਵੈ, ਏਹ ਤੀਜੀ ਨਿਵਾਜ। ਚਉਥੀ ਨਿਵਾਜ ਜਿ ਨੀਅਤਿ ਰਾਸਿ ਰਖੈ, ਬਦਨੀਅਤਿ ਛਡੇ– 'ਜੇਹੀ ਨੀਅਤਿ ਤੇਹੀ ਮੁਰਾਦ।' ਬੁਰੀ ਨੀਅਤਿ ਕਰੈ ਬੁਰੀ ਮੁਰਾਦੈ ਪਹੁਚੈ। ਭਲੀ ਨੀਅਤਿ ਕਰੈ ਭਲੀ ਮੁਰਾਦੈ ਪਹੁਚੈ। ਜਾਂ ਭਲੀ ਨੀਅਤਿ ਨਾਲ ਭਲਾ ਹੋਇ ਤਾਂ ਏਹ ਭਲੀ ਹੀ ਨੀਅਤਿ ਰਖਉ; ਜਿ ਏਸ ਦਾ ਭਲਾ ਹੋਇ। ਕਿਉਂ ? ਜਿਨ੍ਹਾਂ ਦੀ ਨੀਅਤਿ ਮੁਰਾਦ ਹੈ। ਏਹ ਚਉਥੀ ਨਿਵਾਜ ਹੈ ਏਸ ਦੀ, ਜੇ ਕਮਾਇ ਸਕੇ। ਪੰਜਵੀਂ ਸਿਫਤਿ ਸਾਹਿਬ ਦੀ ਕਰੈ। ਜਿਸ ਪਿਛੈ ਤੇਰਾ ਭਲਾ ਹੋਇ। ਜਾਂ ਅਠੇ ਪਹਿਰ ਸਿਫਤਿ ਸਾਹਿਬ ਦੀ ਕਰਦਾ ਰਹਹਿ ਤਾਂ ਤੇਰੀ ਘਾਲਿ ਸਾਹਿਬੁ ਥਾਂਇ ਪਾਏ। ਏਹ ਪੰਜਵੀਂ ਨਿਵਾਜ ਹੈ। ਜਾ ਏਹ ਪੰਜਿ ਨਿਵਾਜਾ ਏਹ ਬੰਦਾ ਕਰੈ, ਕਮਾਵੈ ਤਾਂ ਹੀ ਏਹ ਭਿਸਤਿ ਲਾਇਕ ਹੋਵੈ। ਏਹ ਜਿ ਕਲਮਾ ਪੜੈ ਸਿ ਕੇਹਾ ਕਲਮਾ ਪੜੈ ? ਕਰਣੀ ਕਾ ਕਲਮਾ ਪੜੈ, ਭਲੀ ਕਰਣੀ ਕਮਾਵੈ, ਏਹਾ ਕਲਮਾ ਪੜੈ ਤਾਂ ਏਹ ਮੁਸਲਮਾਨੁ ਹੋਵੈ। ਜਾ ਏਹਿ ਨਿਵਾਜਾ ਕਰੈ ਏਹਿ ਕਲਮਾ ਪੜੈ। ਜਿਨਾਂ ਏਹਿ ਨਿਵਾਜਾ ਨਾ ਏਹਿ ਕਲਮਾ ਪੜਿਓ ਸਿ ਏਵੈ ਕੂੜਿਆਰ ਹੈਨਿ। ਸਿ ਕੂੜ ਦੀ ਪਾਇ ਕਿਛੁ ਨਾਹੀ—'ਕੂੜ ਸਿ ਕੂੜੇ ਕੂੜੁ।' ਏ ਕਾਜੀ ਜੀ ! ਏਨੀ ਨਿਵਾਜੀ ਏਹ ਭਿਸਤਿ ਜਾਇ। ਅਰੁ ਏਤ ਗਲਾ ਮੈ ਏਹ ਮੁਸਲਮਾਨ ਹੋਵੈ।" "ਏਸ ਬੰਦੇ ਦੇ ਬਾਬਿ ਜੇ ਰੋਜੇ ਰਖਣ ਦਾ ਹੁਕਮੁ ਹੈ ਸਿ ਕਉਣ ਰੋਜੈ ਰਖੈ ? ਕਉਣ ਸੁੰਨਤ ਏਸ ਨੋ ਰਵਾ ਹੈ ? ਕਉਣ ਮਸੀਤਿ ਕੇਹੀ ਵਿਚ ਬਹੈ ? ਮੁਸਲਾ ਕੇਹਾ ਲੋੜੀਐ ? ਕੁਰਾਣ ਕੇਹਾ ਪੜੈ ? ਨਿਵਾਜ ਕੇਹੀ, ਤਸਬੀ ਕੇਹੀ ਫਿਰੈ ? ਜਿਨੀ ਗਲੀ ਮੁਸਲਮਾਨ ਹੋਈਦਾ ਹੈ ਸਿ ਕੇਹੇ ਜੇਹੇ ਹੈਨ, ਜਿਨੀ ਗਲੀ ਮੁਸਲਮਾਨ ਹੋਵੈ ?" ਤਬ ਗੁਰੂ ਬਾਬੇ ਕਹਿਆ ਕਿ:—

ਸਲੋਕ— ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ ੧ ॥

ਤਿਸੁ ਕਾ ਪਰਮਾਰਥੁ —

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਕਾਜੀ ਜੀ ! ਏਨ੍ਹਾਂ ਕਖਾਂ ਤਥਾ ਇਟਾਂ ਕੀ ਮਸੀਤਿ ਵਿਚਹੁ ਛਡੇ, ਮਿਹਰ ਦੀ ਮਸੀਤਿ ਵਿਚ ਬਹੈ ਤਾਂ ਇਹ ਮੁਸਲਮਾਨੁ ਹੋਵੈ। ਕਪੜੇ ਸਿਦਕ ਦੇ ਮੁਸਲੇ ਊਪਰਿ ਜੇ ਨਿਵਾਸ ਕਰੇ ਤਾਂ ਏਹੁ ਮੁਸਲਮਾਨੁ। ਜੇ ਸਿਦਕ ਦੇ ਮੁਸਲੇ ਊਪਰ ਨਿਵਾਜ ਨੀਅਤਿ ਰਖੇ ਜਿ ਨਿਵਾਜ ਥਾਂਇ ਪਵੈ। ਅਰੁ ਕੁਰਾਨ ਕੇਹਾ ਪੜ੍ਹੇ ? ਜਿ, ਹਕੁ ਹਲਾਲੁ ਖਾਇ ਤਾਂ ਏਹ ਕੁਰਾਨ ਦੀ ਆਇਤ ਪੜੀ। ਜਾਂ ਸਰਮ ਦੀ ਸੁੰਨਤ ਕਮਾਵੈ ਤਾਂ ਮੁਸਲਮਾਨੁ ਹੋਵੈ। ਫਾਕੇ ਦਾ ਰੋਜਾ ਨਾ ਕਮਾਵੈ ਸੀਲ ਦਾ ਰੋਜਾ ਕਮਾਵੈ ਤਾਂ ਮੁਸਲਮਾਨੁ ਹੋਵੈ। ਪੀਰ ਨੋ ਤਾਂ ਪਾਏ ਜਾਂ ਸਾਚਾ ਹੋਵੈ। ਝੂਠੇ ਨੋ ਪੀਰ ਕਿਆ ਕਰੈ ? ਕਰਤੂਤਿ ਭਲੀ ਕਰੈ ਤਾ ਕਾਬੇ ਨੋ ਸਿਜਦਾ ਥਾਂਇ ਪਵੈ। ਜਾਂ ਦਿਲ ਖੋਟੈ ਸਿਰ ਕਾਬੇ ਨੋ ਨਿਵਾਇਆ ਤਾਂ ਥਾਂਇ ਨ ਪਇਓ। ਕਰਮ ਕਲਮਾ ਪੜਿਆ, ਨਿਵਾਜ ਗੁਜਾਰੀ ਸਾ ਜਿ ਸਚ ਕੀ ਕਰਤੂਤਿ ਕਮਾਵੈ। ਏਸ ਦੀ ਜਿ ਦਰਗਾਹ ਮਹਿ ਲਜਾ ਰਹੀ ਸਿ ਏਸ ਦੀ ਏਹ ਤਸਬੀ ਹੋਈ, ਜਿ ਲਜਾ ਪਰਮੇਸੁਰ ਰਖੈ। ਏਸ ਦੀ ਭਗਤਿ ਪਰਮੇਸੁਰ ਨੋ ਭਾਵੇ ਤਾਂ ਏਸ ਦੀ ਤਸਬੀ ਏਹ

ਹੋਇ। ਹੋਰ ਕੇਹੀ ਤਸਬੀ ?''

ਜਬ ਏਹ ਸਲੋਕ ਗੁਰੂ ਨਾਨਕ ਬਾਬੇ ਜੀ ਕਹਿਆ ਤਬ ਜਿਤਨੇ ਖਾਨ ਦੀ ਮਜਲਸ ਮੇਂ ਬੈਠੇ ਥੇ ਤੇਤਨੇ ਹੈਰਾਨ ਰਹੇ। ਜਿ ਕੋਈ ਹਿੰਦੂ ਥਾ ਮੁਸਲਮਾਨ, ਜਿ ਕੋਈ ਮੁਗਲ ਪਠਾਣੁ ਥਾ, ਕਾਜ਼ੀ, ਮੁਲਾ ਮੁਲਾਊਣਾ ਸਈਅਦੁ, ਜਿ ਕੋਈ ਥਾ ਸਿ ਸਭਿ ਹੈਰਾਨਿ ਹੋਇ ਗਏ। ਲਗੇ ਸਿਫ਼ਤਿ ਗੁਰੂ ਬਾਬੇ ਜੀ ਕੀ ਕਰਣੇ ''ਜਿ ਵਾਹੁ ਵਾਹੁ ਨਾਨਕ ਜੀ ! ਸਹੀ ਤੇਰੇ ਤਾਈਂ ਖੁਦਾਇ ਮਿਲਿਆ ਹੈ; ਤੂੰ ਸਹੀ ਖੁਦਾਇ ਦਾ ਪਿਆਰਾ ਹੈ। ਸਹੀ ਵਡੀ ਨਿਵਾਜਸੁ ਹਕ ਤਾਲਹ ਦੀ ਨਾਨਕ ਜੀ ਨੋ ਹੋਈ ਹੈ।'' ਸਭੁ ਕੋਈ ਲਗਾ ਕਹਣੇ। ਤਵ ਦਲਵਤ ਖਾਨੁ ਬੋਲਿਆ, ''ਏ ਕਾਜੀ ! ਨਾਨਕ ਹਕ ਨੋ ਪਹੁਚਿਆ ਹੈ, ਨਾਨਕ ਦੇ ਤਾਈਂ ਪੁਛਣਾ ਜਿ ਹੈ ਸਿ ਤਕਸੀਰ ਹੈ, ਨਾਨਕ ਜੀ ਨੋ ਪੁਛਣਾ ਕਿਸੀ ਬਾਤ ਕਉ ਨਾਹੀਂ। ਇਹ ਖੁਦਾਇ ਨੋ ਅੰਬੜਿਆ ਪਹੁਤਾ ਹੈ। ਬੋਲਹੁ ਵਾਹੁਗੁਰੂ।

ਸ਼ਲੋਕੁ—ਭਰਮਿ ਭੁਲਾਨੇ ਲੋਕ ਸਭਿ, ਸੋ ਜਾਨੈ ਬਿਬੇਕੀ ਹੋਇ ॥
ਬਿਬੇਕ ਜੁਗਤ ਤਿਨਿ ਪਾਇਆ, ਦਾਸ ਨਾਨਕ ਦੇਵੈ ਸੋਇ ॥ ੧ ॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨੁ ਗੁਰੂ, ਸਤਿਗੁਰੂ। ਰਾਮੁ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੩੦ ॥

# ਨਿਮਾਜ਼ ਦੀ ਅਸਲੀਅਤ

## ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਕਾਜ਼ੀ ਨਾਲ)

ਤਬ ਤਾਂ ਤੋੜੀ ਨਿਵਾਜ ਕਾ ਵਖਤ ਹੋਆ, ਪੇਸੀ ਵਖਤੁ ਨੂੰ ਨਿਵਾਜ ਨੀਅਤਿ ਉਜੂ ਸਾਜਿ ਨਿਵਾਜ ਨੀਅਤਿ ਖੜੇ ਹੋਏ, ਅਗੈ ਕਾਜੀ ਹੋਆ, ਪਿਛੇ ਹੱਥ ਬੰਨ੍ਹਿ ਖਾਨਿ ਸਾਥਿ ਹੋਰ ਖੜੇ ਹੋਏ। ਤਬ ਕਾਜੀ ਸਿਜਦਾ ਦਿਤਾ, ਸਭਨਾ ਸਿਜਦਾ। ਨਿਵਾਜ ਦਾ ਹਕੁ ਅਦਬੁ ਏਵੈ ਹੈ, ਜਿ ਕਿਸੈ ਕੰਮੀ ਜਾਜਤਿ ਕਰਣੀਆ ਨਾਹੀ। ਤਿਸ ਵਿਚਿ ਬਾਬਾ ਨਾਨਕੁ ਕਹਕਹ ਹਸਿਆ। ਜਦਿ ਫੇਰਿ ਨਿਵਾਜ ਊਪਰਿ ਖੜਿਆ ਸਿਜਦਾ ਦਿਤਾ ਤਾ ਫੇਰਿ ਬਾਬਾ ਨਾਨਕੁ ਹਸਿਆ। ਜਾ ਉਹਿ ਨਿਵਾਜ ਅਦਾ ਕਰਿ ਪਹੁਤੇ ਤਾਂ ਬਾਬੇ ਚੁਪਿ ਕੀਤੀ। ਜਾਂ ਓਨਾ ਹਥਿ ਖੜੇ ਕੀਤੇ, ਦੁਆਇ ਪੜ੍ਹੀ, ਸਿਜਦਾ ਦਿੱਤਾ, ਕਲਮਾ ਆਖਿਆ ਤਾਂ ਫਿਰਿ ਬੈਠੇ, ਤਬ ਬਾਬੇ ਨਾਨਕ ਜੀ ਕੀ ਤਰਫ ਕਾਜੀ ਦੇਖਿ ਕੇ ਜਲ ਗਇਆ। ਕਾਜੀ ਕਹਿਆ ਜਿ ''ਖਾਨਿ ਜੀ ! ਸਲਾਮਤਿ ! ਨਿਵਾਜ਼ ਉਪਰਿ ਖੜਿਆਂ ਤੁਸਾਂ-ਅਸਾਂ ਡਿਠਾ ਜਿ ਨਾਨਕੁ ਹਸਿਆ, ਕਿਛੁ ਅਸਾਂ ਵਿਚ ਤਕਸੀਰ ਹੈ ਕਿ ਨਿਵਾਜ ਵਿਚ ਤਕਸੀਰ ਹੈ ? ਏਹਿ ਬਾਤ ਤੁਮਿ ਨਾਨਕ ਕਉ ਪੂਛੀਐ ਜਿ ਏਹਿ ਕਿਉਂ ਹਸਿਆ ? ਏਹਿ ਕਿਆ ਹਿਸਾਬੁ ਹੈ ਜਿ ਨਿਵਾਜ ਵਿਚ ਹਸਿਆ ਹੈ ?'' ਤਬ ਖਾਨਿ ਕਹਿਆ ਕਿ ''ਨਾਨਕ ਜੀ ! ਕਾਜੀ ਕਿਆ ਕਹਿੰਦਾ ਹੈ ? ਏਹਿ ਤਕਸੀਰ ਕਿਸੁ ਵਿਚਿ ਹੈ ?'' ਤਬ ਗੁਰੂ ਬਾਬਾ ਨਾਨਕੁ ਜੀ ਬੋਲਿਆ ਜਿ, ''ਖਾਨਿ ਜੀ ! ਏਹੁ ਤਕਸੀਰ ਕਾਜੀ ਵਿਚਿ ਹੈ, ਹੋਰਸੁ ਕਿਸੈ ਵਿਚਿ ਨਾਹੀ।'' ਤਬ ਖਾਨਿ ਕਹਿਆ ਜਿ, ''ਫੁਰਮਾਈਐ ਜੀ ! ਜਿ ਕਾਜੀ ਵਿਚਿ ਕਿਆ ਤਕਸੀਰ ਹੈ ?'' ਤਦ ਗੁਰੂ ਬਾਬੇ ਨਾਨਕ ਜੀ ਕਹਿਆ ਜਿ ''ਕਾਜੀ ਹੀ ਪੂਛੀਐ. ਆਪਣਾ ਐਬ ਆਪਣੇ ਮੁਹਿ ਮੰਨੇਗਾ।'' ਤਬ ਖਾਨਿ ਕਹਿਆ ਜਿ, ''ਕਾਜੀ ਜੀ ! ਨਾਨਕੁ ਜੀ

ਫੁਰਮਾਇਦਾ ਹੈ: ਤੁਸੀਂ ਹੀ ਕਹਹੁ ਜਿ ਤੁਧੁ ਵਿਚਿ ਐਬ ਹੈ।'' ਤਬ ਕਾਜੀ ਕਹਿਆ ਜਿ ''ਖਾਨਿ ਜੀ ਸਲਾਮਤਿ ! ਬੇਐਬ ਖੁਦਾਇ ਹੈ, ਪਣੁ ਅਜੁ ਤਾਂ ਖੈਰਿ ਹੈ।'' ਤਬ ਖਾਨਿ ਕਹਿਆ ਜਿ, ''ਨਾਨਕ ਜੀ ! ਕਾਜੀ ਕਿਆ ਕਹਿਦਾ ਹੈ ?'' ਤਬ ਗੁਰੂ ਬਾਬੇ ਨਾਨਕ ਜੀ ਕਹਿਆ ''ਕਾਜੀ ! ਆਪਣਾ ਐਬ ਆਪਣੇ ਮੁਹਿ ਕਹਉ।'' ਤਬ ਕਾਜੀ ਕਹਿਆ ''ਜਿ ਕਿਛੁ ਅਸਾਂ ਵਿਚਿ ਐਬ ਹੈ ਸੁ ਨਾਨਕੁ ਹੀ ਕਹਉ।'' ਤਬ ਖਾਨਿ ਕਹਿਆ ਜੇ, ''ਨਾਨਕ ਜੀ ! ਤੁਮ ਹੀ ਕਹਉ; ਕਾਜੀ ਤਾਂ ਮੁਕਰਿ ਪੜਾ ਹੈ।'' ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਬੋਲਿਆ, ਜਿ ''ਖਾਨਿ ਸਲਾਮਤਿ ! ਕਾਜੀ ਦੀ ਨਿਵਾਜ ਥਾਂਇ ਨ ਪਈਆ ਖੁਦਾਇ ਦੀ ਦਰਗਾਹ ਵਿਚਿ।'' ਤਬ ਖਾਨਿ ਨੋ ਕਹਿਆ ਜਿ ''ਜੀ ! ਜਦ ਇਹੁ ਨਿਵਾਜੁ ਉਪਰਿ ਖੜਾ ਹੋਇਆ ਤਬ ਏਸਦਾ ਜੀਉ ਹੋਰ ਥੈ ਗੈਆ, ਘੋੜੀ ਘਰਿ ਸੂਈ ਸਸੁ ਜਾਂ ਨਿਵਾਜ ਉਪਰਿ ਖੜੋਤੇ ਸਿਜਦਾ ਦੇਂਦੇ ਹੀ ਉਸੁ ਘੋੜੀ ਵਿਚਿ ਜਾਇ ਜੀਉ ਪਇਓਸੁ. ਏਹ ਗਲਿ ਜੀ ਵਿਚਿ ਧਾਰੇ ਜਿ, ਜਾਹਿ ਜਾਂਦੀ; ਏਹੁ ਜਿ ਹਵੇਲੀ ਵਿਚਿ ਖੂਹੁ ਸੀ; ਵਿਚਿ ਘੋੜੀ ਬਾਧੀ ਹੈ; ਪਿਛੈ ਵਿਛੇਰਟੂ ਹੈ; ਨ ਕੋਈ ਘੋੜੀ ਪਾਸਿ ਆਦਮੀ ਬਹਾਲਿਆ; ਨ ਘੋੜੀ ਹੀ ਵਖਿ ਬਧੀ। ਇਆਣਾ ਵਿਛੇਰੜੂ ਹੈ; ਖੂਹੇ ਵਿਚਿ ਪੈ ਮਰੇਗਾ। ਏਥੈ ਸਿਜਦਾ ਦੇਂਦੇ ਜੀਉ ਘੋੜੀ ਵਿਚਿ; ਏਤੁ ਤਕਸੀਰ ਕਰ ਕੈ ਏਸ ਦੀ ਨਿਵਾਜ ਥਾਇ ਨ ਪਈਆ। ਕਾਜੀ ਪੁਛੁ ਐ, ਜੀ: ਏਹੁ ਬਾਤੁ ਸਚੁ ਹੈ ਕਿ ਨਾ ?'' ਤਬ ਕਾਜੀ ਕਹਿਆ ਜਿ ''ਖਾਨ ਜੀ ਸਲਾਮਤਿ ! ਏਹੁ ਬਾਤ ਸਚੁ ਹੈ।'' ਤਬ ਜਿਤਨੀ ਮਜਲਸ ਬੈਠੀ ਥੀ; ਦੀਬਾਨੁ ਲਗਾ ਥਾ; ਸਭੇ ਹੈਰਾਨ ਹੋਇ ਜਿ ''ਸੁਬਹਾਨ ਅਲਹ, ਦਿਲਾਂ ਦਾ ਮਾਲਕੁ ਖੁਦਾਇ ਅਕੈ ਨਾਨਕੁ; ਦਿਲ ਦੀ ਬਾਤ ਸਭੁ ਜਾਨਤਾ ਹੈ। ਅਸਾਂ ਵਿਚ ਵਡੇ ਵਡੇ ਐਬ ਹੈਨਿ; ਜੇ ਅਸਾਂ ਸਭਨਾਂ ਦੇ ਏਨੇ ਐਬ ਜ਼ਾਹਰ ਕੀਏ ਤਬ ਖਾਨੁ ਅਸਾਂ ਸਭਨਾਂ ਨਾਲ ਰੰਜ ਹੋਵੇਗਾ।'' ਜਿਧਰਿ ਗੁਰੂ ਬਾਬਾ ਨਾਨਕੁ ਜੀ ਨਜਰਿ ਕਰੈ ਤਿਧਰਹੁ ਹੀ ਸਭੇ ਸਿਜਦਾ ਦੇਨਿ; ਸਿਰ ਨਿਵਾਇਨ ਜਿ ''ਏ ਖੁਦਾਇ ! ਨਾਨਕੁ ਜੀ ਅਸਾਡੇ ਖਿਆਲਿ ਨਾ ਪਾਇਓ।'' ਸਭੁ ਮਜਲਸ ਡਰਿ ਗਈ, ਲਗੇ ਸਿਫਤਿ ਗੁਰੂ ਬਾਬੇ ਨਾਨਕ ਜੀ ਕੀ ਕਰਣੇ. ਜੇ; ''ਵਾਹੁ ਵਾਹੁ ਨਾਨਕੁ ਜੀ ! ਵਾਹੁ ਵਾਹੁ ਨਾਨਕ ਜੀ ! ਸਹੀ ਤੇਰੈ ਤਾਂਈ ਖੁਦਾਇ ਮਿਲਿਆ; ਤੂੰ ਸਹੀ ਖੁਦਾਇ ਦਾ ਪਿਆਰਾ ਹੈ। ਸਹੀ ਵਡੀ ਨਿਵਾਜਸ਼ ਹਕ ਤਾਲਹ ਦੀ ਨਾਨਕੁ ਜੀ ਨੋ ਹੋਈ ਹੈ।'' ਸਭੁ ਕੋ ਲਗਾ ਸਿਫਤਿ ਕਰਣ ਬਾਬੇ ਨਾਨਕ ਜੀ ਕੀ। ਤਬ ਖਾਨਿ ਕਾਜੀ ਨੂੰ ਕਹਿਆ ਜਿ; ''ਏ ਕਾਜੀ ! ਨਾਨਕ ਜੀ ਹਕ ਨੂੰ ਪਹੁਚਿਆ ਹੈ; ਨਾਨਕ ਜੀ ਨੂੰ ਪੁਛਣਾ ਜੇ ਹੈ ਸਿ ਤਕਸੀਰ ਹੈ; ਨਾਨਕ ਜੀ ਪੁਛਣਾ ਕਿਸੀ ਬਾਤ ਕਉ ਨਾਹੀ; ਏਹੁ ਖੁਦਾਇ ਨੂੰ ਅਬੜਿਆ ਹੈ; ਪਹੁਤਾ ਹੈ।''

ਸ਼ਲੋਕੁ— ਭਰਮ ਭੁਲਾਨੇ ਲੋਕ ਸਭਿ, ਸੋ ਜਾਨੈ ਬਿਬੇਕੀ ਹੋਇ॥
ਬਿਬੇਕ ਜੁਗਤਿ ਤਿਨਿ ਪਾਇਆ; ਦਾਸ ਨਾਨਕ ਦੇਵੈ ਸੋਇ॥੧॥

ਸਲੋਕੁ ਦੂਜਾ— ਤੇਰੀ ਬਖਸਿ ਨਿਆਰੀਆ ਜਾ ਕਉ ਨਜਰਿ ਕਰੈ॥
ਕਿਆ ਰਾਨਾ ਕਿਆ ਰੰਕੁ ਹੈ ਜਾ ਕਉ ਕਰਮ ਧੁਰੇ॥
ਜਨ ਨਾਨਕ ਜੋ ਸਰਣਾਗਤੀ ਤੇਊ ਪਾਰਿ ਪਰੇ॥੨॥

ਬੋਲਹੁ ਭਾਈ ਜੀ ਵਾਹੁਗੁਰੂ; ! ਧੰਨ ਗੁਰੂ; ਸਤਿਗੁਰੂ;! ਰਾਮੁ ਸਤਿ; ਗੁਰੂ ਸਤਿ; ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥੩੧॥

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਸਪੁੱਤਰ

# ਬਾਬਾ ਸ੍ਰੀ ਚੰਦ ਜੀ ਉਦਾਸੀ

## ਦਾ ਜੀਵਨ ਬਿਰਤਾਂਤ

(ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ)

ਸ੍ਰੀ ਬਾਬਾ ਸ੍ਰੀ ਚੰਦ ਜੀ ਦਾ ਜਨਮ ਸੰਮਤ ੧੫੫੧ ਭਾਦਰੋਂ ਸੁਦੀ ੯ ਸ਼ੁਕਲਾ ਪੱਖ ੧੩ ਘੜੀਆਂ ਹੋਣ ਤੇ ਪੰਜ ਘੜੀਆਂ ਸੂਰਜ ਚੜੇ ਸ਼ੁਕਰਵਾਰ ਨੂੰ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਨਗਰ ਸੁਲਤਾਨ ਪੁਰ ਵਿਖੇ ਹੋਇਆ। ਆਪ ਦੇ ਪੂਜਯ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਸਨ।

ਇਹਨੀਂ ਦਿਨੀਂ ਗੁਰੂ ਨਾਨਕ ਦੇਵ ਜੀ ਸੁਲਤਾਨ ਪੁਰ ਵਸਦੇ ਸਨ ਜਦਕਿ ਆਪ ਜੀ ਦੇ ਗ੍ਰਿਹਿ ਵਿਖੇ ਸਾਹਿਬਜ਼ਾਦਾ ਸ੍ਰੀ ਚੰਦ ਜੀ ਦਾ ਜਨਮ ਹੋਇਆ।

ਗੁਰੂ ਜੀ ਦੇ ਪਿਤਾ ਕਾਲੂ ਜੀ ਅਤੇ ਚਾਚਾ ਲਾਲ ਚੰਦ (ਲਾਲੂ ਜੀ) ਇਹ ਜਾਤ ਦੇ ਬੇਦੀ ਖਤਰੀ ਦੋਵੇਂ ਭਰਾਤਾ ਤਲਵੰਡੀ ਵਿਚ ਵਸਦੇ ਸਨ। ਪਿਤਾ ਕਾਲੂ ਜੀ ਦੇ ਇਕ ਸ੍ਰੀ ਨਾਨਕੀ ਧੀ ਅਤੇ ਸ੍ਰੀ ਨਾਨਕ ਜੀ ਸਪੁਤਰ ਸਨ। ਸ੍ਰੀ ਨਾਨਕੀ ਜੀ ਦੇ ਸੁਲਤਾਨ ਪੁਰ ਵਿਆਹੇ ਜਾਣ ਤੇ ਜਿਵੇਂ ਪਿਤਾ ਕਾਲੂ ਜੀ ਦੀ ਆਸ ਉਮੀਦ ਇਕੋ ਗੁਰੂ ਨਾਨਕ ਹੀ ਸਨ, ਤਿਵੇਂ ਗੁਰੂ ਨਾਨਕ ਜੀ ਦੇ ਸੁਜਰ ਸ੍ਰੀ ਮੂਲ ਚੰਦ ਅਤੇ ਇਹਨਾਂ ਦੇ ਘਰੋਂ ਸ੍ਰੀ ਚੰਦੋ ਰਾਣੀ ਦੀਆਂ ਅੱਖਾਂ ਦਾ ਚਾਨਣ ਵੀ ਇਹਨਾਂ ਦੀ ਪਿਆਰੀ ਧੀ ਸ੍ਰੀ ਸੁਲੱਖਣੀ ਜੀ ਸਨ। ਇਥੇ ਸੁਲਤਾਨ ਪੁਰ ਬੇਬੇ ਨਾਨਕੀ ਜੀ ਦੀ ਆਪਣੀ ਕੁੱਖੋਂ ਕੋਈ ਸੰਤਾਨ ਨਹੀਂ ਹੋਈ ਸੀ। ਸਹਿਕਵਾਂ ਘਰ ਸੀ, ਜਿਸ ਤੇ ਗੁਰੂ ਨਾਨਕ ਜੀ ਦੇ ਸਾਹਿਬਜ਼ਾਦੇ ਦੀ ਖੁਸ਼ੀ ਸਾਰਿਆਂ ਨੂੰ ਬਹੁਤ ਹੋਈ। ਜੀਜਾ ਜੇ ਰਾਮ ਅਤੇ ਬੇਬੇ ਨਾਨਕੀ ਜੀ ਨੇ ਵਧਾਈਆਂ ਦੇਣ ਆਇਆਂ ਦੀਆਂ ਦਿਲ ਖੋਲ੍ਹ ਕੇ ਝੋਲੀਆਂ ਭਰੀਆਂ ਅਤੇ ਅਸੀਸਾਂ ਪਾਈਆਂ।

ਬੇਬੇ ਨਾਨਕੀ ਜੀ ਨੇ ਆਪਣੇ ਵੀਰ ਸ੍ਰੀ ਨਾਨਕ ਨੂੰ ਵਧਾਈ ਦੇਣ ਵੇਲੇ ਦਸਿਆ ਕਿ ਬਾਲਕ ਕੁਝ ਨਿਆਰੇ ਲਖਣਾਂ ਦਾ ਹੈ। ਇਹਦੇ ਜਨਮ ਸਮੇਂ ਸੁਲਖਣੀ-ਮੂਰਛਤ ਹੋਈ ਨੂੰ ਸ਼ਿਵਜੀ ਭਗਵਾਨ ਦੇ ਦਰਸ਼ਨ ਹੋਏ। ਦਾਈ ਨੇ ਚੁਕ ਕੇ ਮਾਤਾ ਦੀ ਗੋਦੀ ਪਾਇਆ ਤਾਂ ਹਸਿਆ। ਫੇਰ ਇਹਦੇ ਸਿਰ ਦੇ ਵਾਲ ਸੁਨਹਿਰੀ ਚਮਕੀਲੇ ਪਰ ਬੇਠੇ ਹੋਏ, ਨਿੱਕੀਆਂ ਨਿੱਕੀਆਂ ਲਿਟਾਂ ਵਾਂਗ ਹਨ। ਸੱਜੇ ਕੰਨ ਵਿਚ ਗੋਲ ਜਿਹੀ ਮਾਸ ਦੀ ਇਕ ਕੁਦਰਤੀ ਮੁੰਦਰਾ ਬਣੀ ਪਈ ਹੈ। ਜਨਮ ਵੇਲੇ ਸਾਰਾ ਅੰਦਰ ਸੁਗੰਧੀ ਨਾਲ ਭਰਿਆ ਗਿਆ ਤੇ ਇਉਂ ਭਾਸਿਆ ਜਿਉਂ ਫੁੱਲਾਂ ਦੇ ਢੇਰ ਲਗੇ ਹੋਵਨ। ਪਰ ਦਿਸਦਾ ਕੁਝ ਵੀ ਨਹੀਂ ਸੀ। ਇਹਨਾਂ ਲਖਣਾਂ ਨੇ ਮੈਨੂੰ ਹੈਰਾਨ ਕਰ ਰਖਿਆ



ਗੁਰੂ ਨਾਨਕ ਦੇਵ ਜੀ ਦੇ ਜੇਠੇ ਸਪੁੱਤਰ

**ਬਾਬਾ ਸ੍ਰੀ ਚੰਦ ਜੀ**

ਆਪਣੀ ਮਾਤਾ ਜੀ ਦੀ ਗੋਦ ਵਿਚ

## ਸੰਤਾਨਿਕ-ਸਤਿਕਾਰ

ਕਹੁ ਨਾਨਕ ਸਭ ਤੇਰੀ ਵਡਿਆਈ, ਕੋਈ ਨਾਉਂ ਨ ਜਾਣੇ ਮੇਰਾ ।



ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਮੁਜ਼ਫਰ ਨਗਰ ਵਿਖੇ
(ਆਪ ਦੇ ਨਾਲ ਸ੍ਰੀਮਾਨ ਸੰਤ ਰਾਮ ਸਿੰਘ ਜੀ ਜਥੇ ਸਮੇਤ ਖੜੇ ਹਨ ।)
ਮਹੱਲਾ ਗਾਂਧੀ ਨਗਰ ਵਿਖੇ ਆਪ ਨੇ 7 ਦੀਵਾਨ ਕੀਤੇ ਤੇ ਤਿੰਨ ਅਖੰਡ ਪਾਠ
ਸੰਗਤ ਵਲੋਂ ਰਖਵਾ ਕੇ ਭੋਗ ਪਵਾਏ ਗਏ ।

ਹੈ। ਗੁਰੂ ਜੀ ਸਭ ਕੁਝ ਸੁਣਦੇ ਤੇ ਚੁਪ ਰਹੇ। ਪਰ ਇਹਨਾਂ ਦੇ ਬੁਲ੍ਹਾਂ ਦੀ ਮੁਸਕਰਾਹਟ ਹੀ ਬੇਬੇ ਜੀ ਵਲੋਂ ਵਧਾਈ ਦਾ ਉਤਰ ਸੀ। ਗੁਰੂ ਨਾਨਕ ਸਾਹਿਬ ਨੇ ਆਪ ਵੀ ਇਸ ਖੁਸ਼ੀ ਵਿਚ ਭਰ ਕੇ ਆਪਣੀਂ ਹਥੀਂ ਦਰ ਆਇਆਂ ਤਾਈਂ ਬਖਸ਼ੀਸ਼ਾਂ ਕੀਤੀਆਂ।

ਬੇਬੇ ਨਾਨਕੀ ਜੀ ਬੜੇ ਅਗੰਮੀ ਸੋਝੀ ਦੇ ਮਾਲਕ ਸਨ। ਇਹਨਾਂ ਦਾ ਆਪਣਾ ਅਨੁਮਾਨ ਇਹ ਸੀ ਕਿ ਮੇਰੇ ਨਿਰੰਕਾਰੀ ਵੀਰ ਨਾਲ ਜਿਸ ਭਾਗਾਂ ਭਰੀ ਸੁਲਖਣੀ ਦਾ ਇਸਤਰੀ ਭਰਤੇ ਦਾ ਸੰਬੰਧ ਹੈ, ਇਹ ਵੀ ਪਿਛਲੇ ਜਨਮ ਦੀ ਕੋਈ ਪਰਤੱਖ ਦੇਵੀ ਸ਼ਕਤੀ (ਲਛਮੀ) ਹੀ ਹੋਵੇਗੀ ਅਤੇ ਇਹਨਾਂ ਦੋਹਾਂ ਦੀ ਗੋਦ ਵਿਚ ਖੇਡਣ ਦਾ ਜਿਸ ਬਾਲਕ ਨੂੰ ਮਾਣ ਮਿਲਿਆ ਹੈ ਉਹ ਵੀ ਕੋਈ ਮਹਾਨ ਪਵਿੱਤਰ ਆਤਮਾ ਹੀ ਹੈ, ਅਜੇਹਾ ਸੋਚ ਕੇ ਸ੍ਰੀ ਬੇਬੇ ਜੀ ਨੂੰ ਆਪਣੇ ਭਤੀਜੇ ਬਾਬਤ ਦਿਲ ਵਿਚ ਬਹੁਤ ਕੁਝ ਪਰੇਮ ਭਾਵਨਾ ਵੀ ਉਮੰਡ ਰਹੀ ਸੀ। ਇਹਨਾਂ ਨੇ ਬ੍ਰਾਹਮਣ ਪੰਡਤ ਬੁਲਾ ਕੇ ਜਨਮ ਸਮਾਂ ਦਸਿਆ ਤੇ ਵਧੇਰੇ ਸਮਝਣ ਲਈ ਜਨਮ-ਪਤਰੀ ਲਿਖ ਦੇਣ ਦੀ ਤਾਕੀਦ ਕੀਤੀ।

## ਤਲਵੰਡੀ ਅਤੇ ਪੱਖੋਕੇ ਵਿਚ ਖਬਰਾਂ

ਸ੍ਰੀ ਜੈ ਰਾਮ ਜੀ ਨੇ ਗੁਰੂ ਨਾਨਕ ਜੀ ਦੇ ਇਸ ਬਾਲਕ ਦੀਆਂ ਖਬਰਾਂ ਪੱਖੋਕੇ (ਗੁਰੂ ਨਾਨਕ ਜੀ ਦੇ ਸੁਸਰ ਸ੍ਰੀ ਮੂਲ ਚੰਦ ਪੱਖੋਕੇ ਦੇ ਇਲਾਕੇ ਦੇ ਪਟਵਾਰੀ ਸਨ। ਇਸ ਕਰ ਕੇ ਬਹੁਤਾ ਇਥੇ ਹੀ ਰਹਿਆ ਕਰਦੇ ਸਨ। ਅਸਲ ਘਰ ਇਹਨਾਂ ਦਾ ਵਟਾਲਾ (ਜ਼ਿਲਾ ਗੁਰਦਾਸ ਪੁਰ) ਵਿਚ ਸੀ, ਜਿਸ ਤੇ ਗੁਰੂ ਨਾਨਕ ਜੀ ਦੀ ਸ਼ਾਦੀ ਵੇਲੇ ਬਰਾਤ ਦਾ ਢੁਕਾਉ ਵਟਾਲੇ ਵਿਚ ਹੀ ਹੋਇਆ ਸੀ) ਅਤੇ ਤਲਵੰਡੀ ਨੂੰ ਭੇਜੀਆਂ। ਨਾਨਕੇ-ਦਾਦਕੇ ਦੋਹਾਂ ਨੇ ਆਪੋ ਆਪਣੀ ਥਾਂ ਬੇਅੰਤ ਖੁਸ਼ੀਆਂ ਕੀਤੀਆਂ। ਨਕਦੀ ਅਤੇ ਮਿਠਾਈਆਂ ਵੰਡ ਕੇ ਇਹਨਾਂ ਨੇ ਆਪਣੀਆਂ ਆਪਣੀਆਂ ਮੁਰਾਦਾਂ ਪੂਰੀਆਂ ਹੋਈਆਂ ਦਸੀਆਂ ਅਤੇ ਆਪ ਵੀ ਦੋਵੇਂ ਧਿਰਾਂ ਵਧਾਈਆਂ ਦੇਣ ਲੈਣ ਨੂੰ ਸੁਲਤਾਨਪੁਰ ਆਏ। ਉਸ ਵੇਲੇ ਜੋ ਜੋ ਆਏ ਸਨ, ਉਹਨਾਂ ਦੇ ਨਾਮ ਲਿਖੇ ਇਹ ਮਿਲਦੇ ਹਨ—

(੧) ਤਲਵੰਡੀ ਥੀਂ ਪਿਤਾ ਕਾਲੂ ਜੀ, ਮਾਤਾ ਤ੍ਰਿਪਤਾ ਜੀ, ਇਹਨਾਂ ਦੇ ਦੋ ਸੇਵਾਦਾਰ, ਇਕ ਬ੍ਰਾਹਮਣ ਤੇ ਦੂਜਾ ਮਰਦਾਨਾ ਮਿਰਾਸੀ ਸੀ।

(੨) ਪੱਖੋਕੇ (ਵਟਾਲੇ ਦੇ) ਸ੍ਰੀ ਮੂਲ ਚੰਦ ਅਤੇ ਚੰਦੋ ਰਾਣੀ। ਇਹਨਾਂ ਦੀ ਇਕ ਟਹਿਲਣ ਪਰੇਮੋ ਮਹਿਰੀ ਅਤੇ ਦੋ ਚਾਕਰ ਹੋਰ ਵੀ ਸਨ।

(੩) ਬਾਰਠ ਥੀਂ ਗੁਰੂ ਨਾਨਕ ਜੀ ਦੇ ਨਾਨਕੇ ਘਰੋਂ ਨਾਨਾ ਰਾਮਾ ਜੀ, ਨਾਨੀ ਸਭਰਾਈ ਅਤੇ ਇਹਨਾਂ ਦਾ ਸਪੁਤਰ (ਗੁਰੂ ਨਾਨਕ ਜੀ ਦਾ ਮਾਮਾ) ਕ੍ਰਿਸ਼ਨਾ ਜੀ ਸਨ। ਇਹਨਾਂ ਸਾਰਿਆਂ ਨੇ ਆ ਕੇ ਗੁਰੂ ਜੀ ਦੇ, ਸ੍ਰੀ ਸੁਲੱਖਣੀ ਜੀ ਦੇ ਅਤੇ ਨਵੇਂ ਜਨਮੇ ਬਾਲਕ ਦੇ ਵਾਰ ਵਾਰ ਸਿਰ ਵਾਰਨੇ ਕੀਤੇ। ਤੇਰ੍ਹਵੇਂ ਦਿਨ ਫੇਰ ਖੁਸ਼ੀ ਦੇ ਸ਼ਗਨ ਮਨਾਏ ਗਏ। ਪੰਡਤ ਨੇ ਆ ਕੇ ਜਨਮ ਕੁੰਡਲੀ ਵਾਚੀ। ਬਾਲਕ ਨੂੰ ਬੜਾ ਵਡ-ਭਾਗੀ, ਸ਼ਕਤੀ ਸਪੰਨ, ਈਸ਼ਵਰੀ ਕੋਟੀ ਦਾ ਪੁਰਸ਼ ਦਸਿਆ ਅਤੇ ਨਾਮ 'ਸ੍ਰੀ ਚੰਦ' ਰਖ ਸੁਣਾਇਆ।

ਜਨਮ ਕੁੰਡਲੀ ਵੇਖ ਕੇ ਅਤੇ ਬਾਲਕ ਦਾ ਨਾਮ 'ਸ੍ਰੀ ਚੰਦ' ਸੁਣ ਕੇ ਪਿਤਾ ਕਾਲੂ ਜ ਬਹੁਤ ਖੁਸ਼ ਹੋਏ। ਕਿਹਾ—'ਪੰਡਤ ਜੀ ! ਸ਼ਾਬਾਸ਼ ਹੈ। ਤੁਸੀਂ ਸੋਹਣਾ ਨਾਮ ਰਖਿਆ ਹੈ ਇਕ ਠੀਕ ਹੀ ਢੁਕਦਾ ਹੋਇਆ ਸਨਾਤਨੀ ਨਾਮ ਹੈ। ਤੁਸੀਂ ਕੋਈ ਸੰਸਾ ਨਹੀਂ ਰਹਿਣ ਦਿਤ ਜੋ ਅਗੇ ਪਿਆ ਸੀ।'

ਸ਼ਾਮਾਂ ਵੇਲਾ ਹੋਇਆ; ਰਾਤ ਦਾ ਪ੍ਰਸ਼ਾਦਾ ਛੱਕ ਕੇ ਮੰਜਿਆਂ ਤੇ ਬੈਠੇ ਸਨ। ਬੇਬੇ ਨਾਨਕੀ ਜੀ ਵੀ ਵਿਹਲੇ ਹੋ ਕੇ ਆਪਣੇ ਪਿਤਾ ਪਾਸ ਆਏ। ਸਾਰੇ ਚਿਰਾਂ ਪਿਛੋਂ ਮਿਲੇ ਸਨ। ਦਿਲ ਦੀਆਂ ਦਸੀਆਂ ਤੇ ਸੁਣੀਆਂ। ਸ੍ਰੀ ਬੇਬੇ ਜੀ ਨੇ ਹਸਦੇ ਹਸਦੇ ਸ੍ਰੀ ਚੰਦ ਜੀ ਦੇ ਕੰਨੀਂ ਇਕ ਮੁੰਦਰਾਂ ਤੇ ਸੁਨਹਿਰੀ ਵੇਠੇ ਵਾਲਾਂ ਦਾ ਜ਼ਿਕਰ ਕੀਤਾ। ਦਾਦਾ ਜੀ ਨੂੰ ਉਸ ਵੇਲੇ ਪੋਤਰਾ ਵੇਖਣ ਦਾ ਚਾ ਹੋਇਆ। ਮੰਗਵਾ ਕੇ ਚੁਕਿਆ; ਚੁੰਮਿਆ ਤੇ ਕੰਨ ਦੀ ਕੁਦਰਤੀ ਮੁੰਦਰਾ ਨੂੰ ਵੇਖ ਕੇ ਹਾਸੀ ਭਰਿਆ ਪਿਆਰ ਕੀਤਾ। ਸ੍ਰੀ ਕਾਲੂ ਜੀ ਨੇ ਘੁਟ ਕੇ ਛਾਤੀ ਨਾਲ ਲਾਇਆ ਅਤੇ ਇਸੇ ਤਰ੍ਹਾਂ ਮੰਜੇ ਉਤੇ ਲੇਟ ਗਏ।

ਵੈਸੇ ਵੀ ਰਾਤ ਪੈ ਚੁਕੀ ਸੀ। ਕਈਆਂ ਦਾ ਸੁਭਾਉ ਹੁੰਦਾ ਹੈ ਕਿ ਪ੍ਰਸਾਦਾ ਛੱਕਣ ਪਿਛੋਂ ਛੇਤੀ ਹੀ ਨੀਂਦ ਆ ਜਾਂਦੀ ਹੈ। ਲਿਖਿਆ ਹੈ ਕਿ ਸ੍ਰੀ ਚੰਦ ਨੂੰ ਛਾਤੀ ਉਤੇ ਰਖਿਆਂ ਹੀ ਕਾਲੂ ਜੀ ਨੂੰ ਨਸ਼ੱਈਆਂ ਵਾਂਗੂ ਨੀਂਦ ਆ ਗਈ ਤੇ ਗਲਾਂ ਕਰਦੇ ਕਰਦੇ ਸੌਂ ਗਏ। ਪਰ ਅੰਦਰੋਂ ਜਿਉਂ ਕਿਸੇ ਨੂੰ ਪਿਛਲੇ ਜਨਮ ਦੀ ਸੋਝੀ ਹੋ ਜਾਂਦੀ ਹੈ, ਇਹ ਸੁੱਤ ਪਏ ਹੀ ਬੁੜ-ਬੁੜਾਉਣ ਲਗੇ ਤੇ ਇਉਂ ਬੋਲੇ-

"ਨਾਨਕੀ ਧੀਏ ! ਮੇਰੇ ਅਤੇ ਤੇਰੀ ਮਾਤਾ ਦੇ ਪੂਰਬਲੇ ਤੱਪ ਫਲ ਦੇ ਕਾਰਨ ਹੀ ਸਾਡੇ ਘਰ ਸ੍ਰੀ ਨਾਨਕ ਨਿਰੰਕਾਰੀ ਦਾ ਜਨਮ ਹੋਇਆ। ਸਾਡੀ ਕੈਲਾਸ਼ ਉਤੇ ਜਾ ਕੇ ਕੀਤੀ ਕਠਿਨ ਤਪੱਸਿਆ ਨੂੰ ਵੇਖ ਕੇ ਭਗਵਾਨ ਸ਼ਿਵਜੀ ਵੀ ਬਹੁਤ ਪਰਸੰਨ ਹੋਏ ਸਨ। ਤਦੇ ਸ੍ਰੀ ਨਾਨਕ ਦੇ ਘਰ "ਕੈਲਾਸ਼ ਪਤੀ" ਇਸ ਸ਼ਿਵ ਸਰੂਪ ਸ੍ਰੀ ਚੰਦ ਜੀ ਦਾ ਜਨਮ ਹੋਇਆ ਹੈ। ਇਹ ਮੇਰੇ ਹੀ ਤੱਪ ਸਿਮਰਨ ਦਾ ਫਲ ਹੈ ਕਿ ਈਸ਼ਵਰ ਦਿਆਲੂ ਹੋਏ। ਉਹ ਪਰੇਮੀ ਭਗਤਾਂ ਨੂੰ ਪਰੇਮ-ਭਗਤੀ ਦਾ ਫਲ ਦੇਣ ਨੂੰ ਤੇ ਪਾਪੀਆਂ ਪਾਸੋਂ ਪਾਪ ਛੁਡਾ ਕੇ ਧਰਮ ਦਾ ਰਾਹ ਦਸਣ ਨੂੰ ਕਿਸੇ ਖਾਸ ਵਿਅਕਤੀ ਵਿਚ ਆਪਣੀ ਵਿਸ਼ੇਸ਼ ਜੋਤੀ ਪ੍ਰਤਖ ਕਰਦਾ ਹੈ। ਉਹਦੀ ਬਰਾਬਰੀ ਦਾ ਦੂਜਾ ਕੋਈ ਨਹੀਂ ਹੁੰਦਾ ਤੇ ਲੋਕੀਂ ਉਸ ਨੂੰ ਈਸ਼ਵਰ ਅਵਤਾਰ ਮੰਨਦੇ ਹਨ। ਐਸੇ ਹੀ ਸਾਡੇ ਘਰ ਸ੍ਰੀ ਨਾਨਕ ਜੀ ਆਇਆ ਹੈ।"

ਸ੍ਰੀ ਕਾਲੂ ਜੀ ਸ਼ਾਇਦ ਕੁਝ ਹੋਰ ਵੀ ਆਖਦੇ, ਪਰ ਸ੍ਰੀ ਚੰਦ ਜੀ ਪੈਰਾਂ ਦੀਆਂ ਛੜੀਆਂ ਮਾਰ ਕੇ ਰੋਣ ਚਿਚਲਾਣ ਲਗੇ। ਦਾਦਾ ਜੀ ਦੀ ਅੱਖ ਖੁਲ੍ਹ ਗਈ ਤੇ ਪੋਤਰੇ ਨੂੰ ਸ੍ਰੀ ਨਾਨਕੀ ਜੀ ਦੇ ਹੱਥੀਂ ਦੇ ਕੇ ਸਹਿਮੇ ਹੋਇਆਂ; 'ਰਾਮ ! ਰਾਮ !! ਸ੍ਰੀ ਰਾਮ !!!' ਕਰਦੇ ਦਸਿਆ ਕਿ "ਧੀਏ ! ਬੜਾ ਅਸਚਰਜ ਸੁਪਨਾ ਡਿੱਠਾ ਹੈ।" ਬੇਬੇ ਜੀ ਨੇ ਹਸਦੇ ਹਸਦੇ ਨਿਰਣੇ ਨਾਲ ਫੇਰ ਸਭ ਕੁਝ ਸੁਣਿਆ ਤੇ ਆਖਿਆ "ਪਿਤਾ ਜੀਉ ! ਇਹ ਸੁਪਨਾ ਨਾ ਜਾਣੋ, ਸੱਚ ਸਮਝੋ !" ਪਰ ਕਾਲੂ ਜੀ ਨੇ ਕਿਹਾ ਕਿ "ਸੁਪਨੇ ਦੀਆਂ ਗਲਾਂ ਸੁਪਨਾ ਹੀ ਹੁੰਦੀਆਂ ਹਨ। ਤੂੰ ਨਾਨਕ ਨੂੰ ਸਮਝਾਈਂ ਕਿ ਅਗੇ ਸੋਚ ਵਿਚਾਰ ਥੀਂ ਕੰਮ ਲਵੇ। ਉਹ ਪੁਤ ਦਾ ਪਿਉ ਹੋ ਗਿਆ ਹੈ ਤੇ ਗ੍ਰਿਹਸਤ ਦੀਆਂ ਜ਼ੁਮੇਵਾਰੀਆਂ ਉਹਦੇ ਲਈ ਵਧ ਗਈਆਂ ਹਨ। ਧਨ ਦੀ ਸੰਭਾਲ ਕਰਿਆ ਕਰੇ, ਤਦੇ ਸਾਡੀ ਖੁਸ਼ੀ ਹੈ।" ਇਵੇਂ

ਗੱਲਾਂ ਕਰਦੇ ਕਰਾਉਂਦੇ ਸਾਰੇ ਸੌਂ ਗਏ।

ਸਵੇਰ ਹੋਈ ਤਾਂ ਫੇਰ ਹਸਦੇ ਰਸਦੇ ਸਾਰਿਆਂ ਨੇ ਦਿਨ ਬਿਤਾਇਆ। ਇਸੇ ਤਰ੍ਹਾਂ ਖੁਸ਼ੀ ਵਿਚ ਕੁਝ ਦਿਨ ਹੋਰ ਵੀ ਸੁਲਤਾਨਪੁਰ ਰਹੇ। ਫੇਰ ਅਸੀਸਾਂ ਦਿੰਦੇ ਹੋਏ ਨਾਨਕੇ-ਦਾਦਕੇ ਦੋਵੇਂ ਧਿਰਾਂ ਆਪੋ ਆਪਣੇ ਘਰਾਂ ਨੂੰ ਗਏ। ਜਾਂਦੀ ਵਾਰ ਮਰਦਾਨੇ ਮਿਰਾਸੀ ਨੇ ਗੁਰੂ ਜੀ ਥੀਂ ਖੁਸ਼ੀ ਦੀ ਬਖਸ਼ਿਸ਼ ਮੰਗੀ, ਤਾਂ ਆਪ ਜੀ ਨੇ ਨਕਦੀ ਤੇ ਮਿਠਾਈ ਨਾਲ ਉਹਦੀ ਝੋਲ ਭਰ ਦਿਤੀ। ਨਾਲ ਹੀ ਫੁਰਮਾਇਆ "ਤੂੰ ਵੇਦੀਆਂ ਦਾ ਮਿਰਾਸੀ ਏਂ, ਹੋਰ ਕਿਤੋਂ ਮੰਗਣ ਜਾਣਾ ਛਡ ਦਿਹ। ਕਰਤਾਰ ਤੈਨੂੰ ਰਾਗ ਤਾਲ ਦੀ ਸੋਝੀ ਅਤੇ ਤਾਰ ਦਾ ਗੁਣ ਬਖਸ਼ੇ। ਉਹਦਾ ਕੀਰਤਨ ਕਰੀਂ ਤੇ ਕੋਈ ਘਾਟਾ ਨਹੀਂ ਰਹੇਗਾ।" ਮਰਦਾਨੇ ਨੇ ਸਿਰ ਝੁਕਾਇਆ ਤੇ ਟੁਰ ਪਿਆ।

## ਬਾਬਾ ਸ੍ਰੀ ਚੰਦ ਜੀ ਦੇ ਬਾਲ-ਕੌਤਕ

ਸਾਰੇ ਆਏ ਵਡਿਆਂ ਦੇ ਚਲੇ ਜਾਣ ਪਿਛੋਂ ਗੁਰੂ ਜੀ ਮੋਦੀਖਾਨੇ ਦੀ ਕਾਰ ਪਹਿਲੀ ਤਰ੍ਹਾਂ ਹੀ ਕਰਨ ਲਗੇ ਸਨ। ਮਾਤਾ ਸੁਲੱਖਣੀ ਤੇ ਬੇਬੇ ਨਾਨਕੀ ਜੀ ਸ੍ਰੀ ਚੰਦ ਨੂੰ ਲਡਾਂਦੇ ਤੇ ਪਿਆਰ ਕਰਦੇ ਰਹਿੰਦੇ। ਸਰਦੀਆਂ ਗਰਮੀਆਂ ਵਿਚ ਲੋੜ ਮੁਤਾਬਿਕ ਠੰਢੇ ਤੱਤੇ ਜੱਲ ਨਾਲ ਇਸ਼ਨਾਨ ਕਰਾਂਦੇ ਅਤੇ ਬਸਤਰ ਪੁਆ ਕੇ ਦੁੱਧ ਪਿਆਇਆ ਕਰਦੇ ਯਾ ਸੁਆ ਦਿੰਦੇ।

ਛੇ ਸੱਤ ਮਹੀਨਿਆਂ ਦੇ ਹੋਣ ਤੇ ਹੀ ਇਹ ਬੈਠਣ ਤੇ ਰਿੜ੍ਹਣ ਲਗ ਪਏ ਸਨ। ਇਥੇ ਦੋਹਾਂ ਘਰਾਂ ਵਿਚ ਸ੍ਰੀ ਚੰਦ ਬਹੁਤ ਸਹਿਕਵੇਂ ਸਨ। ਬੇਬੇ ਨਾਨਕੀ ਤੇ ਸੁਲਖਣੀ ਜੀ ਦੀਆਂ ਅੱਖਾਂ ਦਾ ਮਾਨੋ ਇਹ ਚਾਨਣਾ ਸਨ। ਇਸ ਲਈ ਵਾਰੋ ਵਾਰੀ ਦੋਵੇਂ ਹੀ ਆਪੋ ਆਪਣੇ ਘਰ ਲਿਜਾਇਆ ਕਰਦੀਆਂ ਤੇ ਖਿਡਾਂਦੀਆਂ ਰਹਿੰਦੀਆਂ ਸਨ।

ਬਾਬਾ ਸ੍ਰੀ ਚੰਦ ਟੁਰਨ ਜੋਗੇ ਹੋਏ ਤਾਂ ਆਲੇ ਮਹੱਲੇ ਦੀਆਂ ਗਲੀਆਂ ਵਿਚ ਆਪੇ ਨਿਕਲ ਜਾਇਆ ਕਰਦੇ। ਦੂਜੇ ਬਾਲਕਾਂ ਨਾਲ ਰੱਲ ਕੇ ਖੇਡਦੇ ਰਹਿੰਦੇ। ਕਦੇ ਆਪਣੇ ਪਿਤਾ ਜੀ ਨਾਲ ਮੋਦੀ ਖਾਨੇ ਭੀ ਚਲੇ ਜਾਇਆ ਕਰਦੇ ਸਨ। ਕਦੀ ਸੇਵਾਦਾਰ ਆਉਂਦੇ ਤਾਂ ਉਹ ਚੁਕ ਲਿਜਾਂਦੇ। ਇਕ ਹੋਰ "ਕਮਲੀਆ" ਨਾਮ ਦਾ ਬਾਲਕ ਵੀ ਇਹਨਾਂ ਦੀ ਸੇਵਾ ਤੇ ਤੋਰਨ ਫਿਰਾਉਣ ਨੂੰ ਗੁਰੂ ਜੀ ਨੇ ਨੀਅਤ ਕੀਤਾ ਹੋਇਆ ਸੀ। ਕਦੀ ਇਹਦੇ ਨਾਲ ਖੇਡਦੇ ਯਾ ਇਹਦੇ ਮੋਢਿਆਂ ਤੇ ਚੜ੍ਹਕੇ ਪਿਤਾ ਜੀ ਪਾਸ ਚਲੇ ਜਾਂਦੇ। ਉਥੇ ਰੌਣਕ ਲਗੀ ਦੇਖ ਕੇ ਇਹ ਬਹੁਤ ਖੁਸ਼ ਹੁੰਦੇ ਸਨ।

ਗੁਰੂ ਨਾਨਕ ਜੀ ਵਿਹਲੇ ਹੋ ਕੇ ਜਦ ਬੈਠਦੇ ਤਾਂ ਇਥੇ ਵੀ ਇਹਨਾਂ ਪਾਸ ਸਤਿਸੰਗੀ ਜਮ੍ਹਾਂ ਹੋ ਜਾਇਆ ਕਰਦੇ। ਇਹ ਸਾਰਿਆਂ ਨੂੰ ਪਹਿਲੇ ਕੁਝ ਉਪਦੇਸ਼ ਸੁਣਾਂਦੇ, ਫੇਰ ਪਰਮਾਤਮਾ ਦਾ ਭਜਨ ਕਰਾਂਦੇ ਤਾਂ ਸ੍ਰੀ ਚੰਦ ਵੀ ਨਾਲੋ ਨਾਲ ਪੜ੍ਹਦੇ ਯਾ ਉਸੇ ਤਰ੍ਹਾਂ ਮੂੰਹ ਹਿਲਾਂਦੇ ਰਹਿੰਦੇ। ਇਸ ਵੇਲੇ ਬਾਬਾ ਸ੍ਰੀ ਚੰਦ ਢਾਈ ਸਾਲਾਂ ਥੀਂ ਉਤੇ ਦੇ ਹੋ ਚੁਕੇ ਸਨ।

ਬਚਿਆਂ ਦਾ ਸੁਭਾਓ ਹੁੰਦਾ ਹੈ, ਜੋ ਘਰ ਵਿਚ ਵਡਿਆਂ ਨੂੰ ਕਰਦੇ ਦੇਖਦੇ ਹਨ, ਉਹੀ ਕਰਨ ਲਗ ਜਾਂਦੇ ਹਨ। ਬਾਬਾ ਸ੍ਰੀ ਚੰਦ ਭੀ ਇਹੋ ਕੁਝ ਕਰਨ ਲਗੇ ਸਨ। ਇਹ ਢਾਈ ਸਾਲਾਂ ਦੇ ਅਜੇ ਹੋਏ ਤਾਂ ਇਕ ਦਿਨ ਘਰ ਦਾ ਬੂਹਾ ਬੰਦ ਕਰ ਕੇ ਬਹੁਤ ਸਾਰੇ ਬਾਲਕਾਂ ਨੂੰ ਸਨਮੁਖ ਬਿਠਾ ਕੇ ਉਹਨਾਂ ਨੂੰ ਤੋਤਲੀ ਜ਼ਬਾਨ ਨਾਲ 'ਸਤਿਕਰਤਾਰ' ਦਾ ਭਜਨ ਕਰਾ ਰਹੇ ਸਨ, ਉਤੋਂ ਗੁਰੂ ਜੀ ਆ ਗਏ। ਇਨ੍ਹਾਂ ਨੂੰ ਅਜਿਹਾ ਕਰਦੇ ਦੇਖ ਕੇ ਬਹੁਤ ਖੁਸ਼ ਹੋਏ ਤੇ ਅਸੀਸਾਂ ਦਿਤੀਆਂ।

# ਬਾਬਾ ਲਖਮੀ ਚੰਦ ਜੀ ਦਾ ਜਨਮ

ਬਾਬਾ ਸ੍ਰੀ ਚੰਦ ਜੀ ਤਿੰਨ ਸਾਲਾਂ ਦੇ ਲਗ ਪਗ ਸਨ, ਤਾਂ ਆਪ ਤੋਂ ਪਿਛੋਂ ਪਿਤਾ "ਗੁਰੂ ਨਾਨਕ ਜੀ" ਦੇ ਘਰ ਦੂਜੇ ਸਾਹਿਬਜ਼ਾਦੇ ਸ੍ਰੀ ਲਖਮੀ ਚੰਦ ਜੀ ਦਾ ਜਨਮ ਪ੍ਰਵਿਸ਼ਟੇ ੧੯ ਸੰਮਤ ੧੫੫੩ ਨੂੰ ਇਥੇ ਸੁਲਤਾਨ ਪੁਰ ਵਿਚ ਹੋਇਆ। ਤਲਵੰਡੀ ਤੇ ਪੱਖੋਕੇ ਫੇਰ ਖਬਰਾਂ ਭੇਜੀਆਂ ਗਈਆਂ ਤੇ ਇਸ ਵੇਰੀ 'ਨਾਨਾ ਮੂਲ ਚੰਦ ਅਤੇ ਦਾਦਾ ਕਾਲੂ ਜੀ' ਆਏ । ਪਰਸਪਰ ਵਧਾਈਆਂ ਦਿਤੀਆਂ ਤੇ ਲਈਆਂ । ਦੋਹਾਂ ਧਿਰਾਂ ਵਲੋਂ ਸ੍ਰੀ ਚੰਦ ਜੀ ਵਾਸਤੇ ਭੀ ਬਹੁਤ ਕੁਝ ਸੁਗਾਤਾਂ, ਕਪੜੇ ਅਤੇ ਖਿਡਾਉਣੇ ਲਿਆਂਦੇ ਗਏ, ਜੋ ਦਿਤੇ। ਬੇਬੇ ਨਾਨਕੀ ਅਤੇ ਗੁਰੂ ਨਾਨਕ ਜੀ ਨੇ ਆਪਣੇ ਬਜ਼ੁਰਗਾਂ ਦਾ ਸਤਿਕਾਰ ਤਾਂ ਕਰਨਾ ਹੀ ਸੀ। ਜੈ ਰਾਮ ਤੇ ਇਹਨਾਂ ਦੇ ਪਿਤਾ ਪਰਮਾ ਨੰਦ ਜੀ ਨੇ ਭੀ ਕੋਈ ਕਸਰ ਨਾ ਰਖੀ ਤੇ ਪਿਆਰ ਸਤਿਕਾਰ ਦਾ ਸਬੂਤ ਦਿਤਾ।

ਇਹਨਾਂ ਆਇਆਂ ਨੇ ਕਈ ਦਿਨ ਰਹਿਣ ਮਗਰੋਂ ਘਰਾਂ ਨੂੰ ਚਾਲੇ ਪਾਏ ਤੇ ਜਾਣ ਵੇਲੇ ਗੁਰੂ ਜੀ ਨੂੰ ਬਹੁਤ ਕੁਝ ਪੰਧ ਨਸੀਹਤਾਂ ਦਸਦੇ ਗਏ ਕਿ 'ਤੁਸੀਂ ਹੁਣ ਦੋ ਪੁਤਰਾਂ ਦੇ ਪਿਤਾ ਹੋ ਗਏ ਹੋ। ਜਿਸ ਰੱਬ ਨੇ ਮੇਹਰ ਕੀਤੀ, ਉਹਦਾ ਸਿਮਰਨ ਭਗਤੀ ਭੀ ਬੇਸ਼ਕ ਕਰੋ । ਗਰੀਬਾਂ, ਅਨਾਥਾਂ ਦੀਆਂ ਝੋਲੀਆਂ ਭੀ ਭਰੋ । ਪਰ ਧਨ ਖੱਟ ਕੇ ਕੁਝ ਸੰਭਾਲ ਰਖਣਾ ਭੀ ਜ਼ਰੂਰੀ ਹੈ ਜੋ ਤੁਹਾਡੇ ਆਪਣੇ ਹੀ ਕੰਮ ਆਏਗਾ । ਅਸੀਂ ਤਾਂ ਆਪਣਾ ਗੁਜ਼ਾਰਾ ਕਰਦੇ ਪਏ ਹਾਂ । ਅਸੀਂ ਗ੍ਰਿਹਸਤੀ ਜੁ ਹੋਏ । ਅਚਨਚੇਤ ਪਤਾ ਨਹੀਂ ਕਿਹੜੇ ਵੇਲੇ ਲੋੜ ਪੈ ਜਾਂਦੀ ਹੈ ।' ਗੁਰੂ ਜੀ ਚੁਪ-ਚੁਪੀਤੇ ਸੁਣਦੇ ਰਹੇ ਤੇ ਇਹ ਭੀ ਐਤਕਾਂ ਨਚਿੰਤ ਹੋ ਕੇ ਟੁਰੇ ਸਨ ਕਿ ਦੋ ਪੁਤਰਾਂ ਦੇ ਪਿਓ—ਬਚਿਆਂ ਦੇ ਮੋਹ ਪਰੇਮ ਵਿਚ ਫਸ ਗਿਆ ਨਾਨਕ—ਹੁਣ ਘਰ ਛਡ ਕੇ ਕਿਤੇ ਨਹੀਂ ਜਾ ਸਕਦਾ । ਪਰ ਇਹਨਾਂ ਵਿਚਾਰਿਆਂ ਨੂੰ ਕੀ ਪਤਾ ਸੀ ? ਕਿ ਜਿਸ ਕਰਤਾਰ ਨੇ ਇਹਨਾਂ ਨੂੰ ਭੇਜਿਆ ਹੈ, ਕੀ ਕੀ ਕਾਰ ਕਰਾਉਣੀ ਹੈ ?

# ਬਾਬਾ ਸ੍ਰੀ ਚੰਦ ਜੀ ਦੀ ਸੰਭਾਲ ਤੇ ਵਿਦਿਆ

ਬਾਬਾ ਸ੍ਰੀ ਚੰਦ ਜੀ ਹੌਲੀ ਹੌਲੀ ਉਮਰ ਕਰ ਕੇ ਵਡੇ ਅਤੇ ਸਿਆਣੇ ਹੁੰਦੇ ਜਾ ਰਹੇ ਸਨ। ਇਹ ਆਪਣੇ ਪਿਤਾ ਜੀ ਪਾਸ ਹੁਣ ਆਪਣੇ ਆਪ ਭੀ ਮੋਦੀਖਾਨੇ ਚਲੇ ਜਾਇਆ ਕਰਦੇ ਸਨ। ਉਥੇ ਦਿਨ ਭਰ ਰੌਣਕ ਲਗੀ ਰਹਿੰਦੀ ਤਾਂ ਇਹ ਦੇਖ ਕੇ ਖੁਸ਼ ਹੁੰਦੇ ਸਨ। ਗੁਰੂ ਜੀ ਨੇ ਇਹਨਾਂ ਨੂੰ ਸਹਿਜੇ ਸਹਿਜੇ ਅਖਰ ਬੋਧ ਤੇ ਗਿਣਤੀ ਭੀ ਸਿਖਾ ਦਿਤੀ। ਜਿਉਂ ਜਿਉਂ ਸੁਰਤ ਉਚੇਰੀ ਹੁੰਦੀ ਜਾ ਰਹੀ ਸੀ ਇਹ ਆਪਣੇ ਪਿਤਾ ਜੀ ਦੀ ਹਰ ਇਕ ਗਲ ਨੂੰ ਧਿਆਨ ਨਾਲ ਦੇਖਦੇ ਤੇ ਸਮਝਣ ਦੀ ਕੋਸ਼ਿਸ਼ ਕਰਦੇ ਸਨ।

ਇਕ ਦਿਨ ਇਸੇ ਤਰ੍ਹਾਂ ਤਰਸ ਅਤੇ ਪਰੇਮ ਵਿਚ ਭਰੇ ਹੋਇਆਂ ਗੁਰੂ ਜੀ 'ਤੇਰਾ ਹਾਂ—ਤੇਰਾ ਹਾਂ" ਆਖਦੇ ਜਿਣਸ ਤੋਲਦੇ ਜਾ ਰਹੇ ਸਨ । ਬਾਬਾ ਸ੍ਰੀ ਚੰਦ ਜੀ ਭੀ ਪਾਸ ਹੀ ਬੈਠੇ ਦੇਖਕੇ ਹੈਰਾਨ ਹੁੰਦੇ ਸਨ ਕਿ ਪਿਤਾ ਜੀ ਕੀ ਕਰ ਰਹੇ ਹਨ ? ਇਹਨਾਂ ਨੇ ਹਲਾ ਕੇ ਪੁਛਿਆ—"ਪਿਤਾ ਜੀਓ ! ਕੀ ਕਰਦੇ ਹੋ ? ੧੩ ਤੋਂ ੧੪ ਦੀ ਗਿਣਤੀ ਮੈਨੂੰ ਆਪ ਜੀ ਨੇ ਦਸੀ ਹੈ। ਆਪ ਐਸਾ ਕਿਉਂ ਨਹੀਂ ਗਿਣਦੇ ?" ਸਤਿਗੁਰਾਂ ਨੇ ਮੁਸਕਰਾ ਕੇ ਆਖਿਆ—"ਬੇਟਾ ! ਜਦ ਮੈਂ ਇਹਨਾਂ ਗਰੀਬਾਂ ਨੂੰ ਵੇਖਦਾ ਹਾਂ ਕਿ ਇਹ ਵੀ ਰੱਬ ਦੇ ਪੈਦਾ ਕੀਤੇ ਪੁਤਰ ਹਨ, ਇਹਨਾਂ ਪਾਸ ਇਤਨੀ ਚਾਲਾਕੀ, ਬੁਧੀ ਤੇ ਹੋਰ ਵਸੀਲੇ ਨਹੀਂ ਹਨ ਕਿ ਧਨੀ ਹੋ ਸਕਦੇ । ਪਰ ਬਹੁਤਾ ਧਨ ਨਾ ਹੋਣ ਦੇ ਕਾਰਣ ਇਹ ਪਾਪਾਂ

ਵਿਕਾਰਾਂ ਤੋਂ ਬਚੇ ਹੋਏ ਹਨ ਤੇ ਰੁੱਖੀ-ਸੁੱਖੀ ਖਾ ਕੇ ਗੁਜ਼ਾਰਾ ਕਰਦੇ ਅਤੇ ਭੁੰਜੇ ਸੌਂ ਜਾਂਦੇ ਹਨ। ਮੈਂ ਭੀ ਨਾਨਕ ਗਰੀਬ—ਇਹਨਾਂ ਦਾ ਸਾਥੀ ਹਾਂ ਤੇ ਆਪਣੇ ਪਿਤਾ ਨਿਰੰਕਾਰ ਨੂੰ ਆਖਣ ਲਗ ਜਾਂਦਾ ਹਾਂ ਕਿ "ਤੇਰਾ ਹਾਂ—ਤੇਰਾ ਹਾਂ।" ਇਉਂ ਮੇਰੀ ਸੁਰਤ ਜੁੜ ਜਾਂਦੀ ਹੈ ਅਤੇ ੧੩ ਤੋਂ ੧੪ ਆਖਣਾ ਭੁਲ ਜਾਂਦਾ ਹਾਂ।"

ਆਪਣੇ ਪਿਤਾ ਜੀ ਤੋਂ ਅਜਿਹੇ ਬਚਨ ਸੁਣ ਕੇ ਨਿਰਮਲ ਮਨ ਬਾਲਕੇ ਬਾਬਾ ਸ੍ਰੀ ਚੰਦ ਉਤੇ ਬਹੁਤ ਅਸਰ ਹੋਇਆ। ਇਹਨਾਂ ਨੇ ਪਿਤਾ ਜੀ ਨੂੰ ਐਸਾ ਕਰਦੇ ਫੇਰ ਕਈ ਵਾਰ ਵੇਖਿਆ—ਪਰ ਮਸਤ ਹੀ ਬੈਠੇ ਰਹਿੰਦੇ ਰਹੇ। ਸਗੋਂ ਨਾਲ ਹੋ ਕੇ ਗਰੀਬਾਂ ਦੀਆਂ ਪੰਡਾਂ ਬੰਨ੍ਹਾ ਦਿਆ ਕਰਦੇ। ਬਾਬਾ ਸ੍ਰੀ ਚੰਦ ਜੀ ਦੀ ਉਮਰ ਹੁਣ ਤੀਕ ਸੱਤ ਸਾਲਾਂ ਦੀ ਹੋ ਚੁਕੀ ਸੀ ਅਤੇ ਆਪ ਜੀ ਚੰਗੇ ਹੋਣਹਾਰ ਸਿਆਣੇ ਨਿਖਰਦੇ ਜਾ ਰਹੇ ਸਨ।

## ਬਾਬਾ ਸ੍ਰੀ ਚੰਦ ਤੇ ਲਖਮੀ ਚੰਦ ਦਾ ਭਵਿਖਤ

ਇਕ ਦਿਨ ਸਤਿਗੁਰੂ ਨਾਨਕ ਦੇਵ ਜੀ ਆਪਣੇ ਘਰ ਆ ਕੇ ਬੈਠੇ ਹੋਏ ਸਨ ਤੇ ਆਪਣੀ ਧਰਮ-ਪਤਨੀ ਨਾਲ ਕੋਈ ਵਿਚਾਰ ਕਰ ਰਹੇ ਸਨ। ਪਰ ਆਪਣੇ ਪਤੀ ਦੀਆਂ ਗਲਾਂ ਸੁਣ ਸੁਣ ਕੇ ਸੁਲਖਣੀ ਜੀ ਨਿੰਮੋ-ਝੂਣੇ ਹੋ ਰਹੇ ਸਨ। ਦੋਵੇਂ ਸਾਹਿਬਜ਼ਾਦੇ ਭੂਆ ਨਾਨਕੀ ਜੀ ਦੇ ਗਏ ਹੋਏ ਸਨ। ਥੋੜੇ ਚਿਰ ਨੂੰ ਛੋਟੇ ਸਾਹਿਬਜ਼ਾਦੇ ਨੂੰ ਕੁਛੜ ਚੁਕਕੇ ਤੇ ਵਡੇ ਨੂੰ ਉਂਗਲੀ ਲਾ ਕੇ ਸ੍ਰੀ ਨਾਨਕੀ ਜੀ ਭੀ ਆ ਗਏ। ਇਹਨਾਂ ਨੇ ਆਪਣੇ ਭਰਾਤਾ ਜੀ ਅਤੇ ਭਰਜਾਈ ਨੂੰ ਅਜ ਇਕੱਠੇ ਬੈਠੇ ਤੇ ਗਲਾਂ ਕਰਦੇ ਵੇਖਿਆ ਤਾਂ ਖੁਸ਼ ਹੋਏ। ਗੁਰੂ ਜੀ ਨੇ ਭੈਣ ਨੂੰ "ਜੀ ਆਇਆਂ' ਆਖਿਆ ਅਤੇ ਪਾਸ ਬਹਾਇਆ। ਪਰ ਸੁਲਖਣੀ ਜੀ ਕੁਝ ਬੋਲੇ ਨਹੀਂ ਸਨ। ਉਹਨਾਂ ਨੂੰ ਅਜਿਹਾ ਬੈਠੇ ਦੇਖ ਕੇ ਇਹਨਾਂ ਨੇ ਹਾਸੇ ਨਾਲ ਕਿਹਾ-"ਤੂੰ ਕਿਉਂ ਚੁਪ ਕੀਤੀ ਤੇ ਰੁਸ ਬੈਠੀ ਹੈਂ? ਕੀ ਗਲ ਹੈ ਜੋ ਬੋਲਦੀ ਨਹੀਂ?" ਇਉਂ ਆਖ ਕੇ ਲਖਮੀ ਚੰਦ ਨੂੰ ਉਹਨਾਂ ਦੀ ਝੋਲੀ ਦਿਤਾ।

ਸ੍ਰੀ ਸੁਲਖਣੀ ਜੀ ਨੇ ਆਖਿਆ—"ਬੇਬੇ ਜੀ! ਮੇਰੇ ਤੋਂ ਕੀ ਪੁਛਦੇ ਹੋ? ਆਪਣੇ ਵੀਰ ਤੋਂ ਪੁਛੋ? ਕੀ ਕਹਿੰਦੇ ਨੇ?" ਤਦ ਗੁਰੂ ਜੀ ਨੇ ਫੁਰਮਾਇਆ—"ਬੇਬੇ ਜੀਓ! ਦੁਨੀਆਂ ਦੇ ਲੋਕ ਦੁਖਾਂ ਕਲੇਸ਼ਾਂ ਦੀ ਗੁਝੀ ਭਾਹ ਨਾਲ ਭੁਜ ਰਹੇ ਹਨ। ਅਸੀਂ ਚਾਹੁੰਦੇ ਹਾਂ ਕਿ ਦੁਖੀਆਂ ਦਾ ਕੁਝ ਦਰਦ ਵੰਡਾਈਏ ਤੇ ਅਗੋਂ ਨੂੰ ਸੁਖੀ ਹੋਣ ਦਾ ਵਲ ਸਿਖਾਈਏ। ਇਹ ਕੰਮ ਧਰਤੀ ਦੇ ਰਟਨ ਨਾਲ ਤੇ ਥਾਂ ਥਾਂ ਦੇ ਲੋਕਾਂ ਨੂੰ ਸਮਝਾ ਕੇ ਹੀ ਕੀਤਾ ਜਾ ਸਕਦਾ ਹੈ। ਪਰ ਤੁਸੀਂ ਤਾਂ ਇਉਂ ਜਾਣਨਾ ਕਿ ਕੁਝ ਸਾਲਾਂ ਲਈ ਧਰਤੀ ਦੀ ਸੈਲ ਨੂੰ ਅਸੀਂ ਜਾ ਰਹੇ ਹਾਂ। ਚਿੰਤਾ ਨਾ ਕਰਨੀ, ਫੇਰ ਆ ਜਾਵਾਂਗੇ। ਕਰਤਾਰ ਦਾ ਹੁਕਮ ਹੀ ਐਸਾ ਹੈ ਤੇ ਇਹੋ ਗਲ ਅਸੀਂ ਅਗੇ ਸ੍ਰੀ ਚੰਦ ਦੀ ਮਾਤਾ ਨੂੰ ਸਮਝਾਂਦੇ ਪਏ ਸੀ।

ਇਹ ਕੁਝ ਸੁਣ ਕੇ ਬੇਬੇ ਨਾਨਕੀ ਜੀ ਹੈਰਾਨ ਹੋਏ। ਇਹ ਸਦਾ ਅਡੋਲ ਰਹਿਣ ਵਾਲੇ ਸਨ ਪਰ ਡਰ ਗਏ। ਇਹ ਸਮਝਦੇ ਸਨ ਕਿ ਵੀਰ ਜੀ ਨੇ ਜੋ ਕਿਹਾ ਹੈ; ਕਰ ਕੇ ਰਹਿਣਗੇ। ਇਹ ਰੋਕੇ ਨਹੀਂ ਰੁਕਣਗੇ। ਜੋ ਬੋਲਦੇ ਹਨ; ਸਚ ਕਰ ਵਿਖਾਂਦੇ ਹਨ। ਇਉਂ ਸੋਚ ਕੇ ਬੇਬੇ ਨਾਨਕੀ ਜੀ ਨੇ ਬੇਨਤੀ ਕੀਤੀ:

"ਵੀਰ ਜੀਓ ! ਅਸੀਂ ਵਿਛੋੜਾ ਕਿਵੇਂ ਸਹਾਂਗੇ ? ਦੁਨੀਆਂ ਤਾਂ ਦੁਖੀ ਹੈ, ਪਰ ਇਹ ਪੰਡ ਚੁਕਣੀ ਸੌਖੀ ਗਲ ਨਹੀਂ ਹੈ। ਨਾ ਧਰਤੀ ਦਾ ਕੋਈ ਅੰਤ ਹੈ ਤੇ ਨਾ ਹੀ ਥਾਉਂ ਥਾਈਂ ਟੁਰ ਕੇ ਜਾਣਾ ਸੌਖਾ ਹੈ, ਅਣ-ਦੱਸੇ ਸਮੇਂ ਤੇ ਅਣ-ਡਿੱਠੇ ਦੇਸਾਂ ਵਿਚ ਜਾਣਾ ਠੀਕ ਨਹੀਂ ਹੈ । ਆਪ ਆਖਦੇ ਹੋ ਕਿ ਅਸੀਂ ਸਾਡੇ ਆਪ ਦੇ ਇਸ ਤਰਾਂ ਚਲੇ ਜਾਣ ਨੂੰ ਧਰਤੀ ਦੀ ਸੈਲ ਨੂੰ ਗਏ ਜਾਣੀਏ । ਇਹ ਕਿਵੇਂ ਮੰਨਿਆ ਜਾ ਸਕਦਾ ਹੈ। ਆਪ ਪਿਤਾ ਜੀ ਦੇ ਆਖੇ ਲਗ ਕੇ ਅਗੇ ਖੇਤੀ ਨਾ ਕੀਤੀ, ਹਟ ਨਾ ਚਲਾਇਆ, ਸੁਦਾਗਰੀ ਨਾ ਕੀਠੀ ਤੇ ਨਾ ਹੀ ਚਾਕਰੀ ਕਰਨੀ ਮੰਨੇ ਸੀ । ਉਦੋਂ ਐਸਾ ਕਰਦੇ ਤਦ ਤਾਂ ਅਸੀਂ ਜਾਣਦੇ ਕਿ ਕੰਮ ਦੇ ਬਹਾਨੇ ਸੈਰ ਵੀ ਹੈ, ਪਰ ਐਸਾ ਤਾਂ ਨਹੀਂ ਕੀਤਾ ਸੀ ।"

ਸ੍ਰੀ ਬੇਬੇ ਜੀ ਨੇ ਇਹ ਵੀ ਕਿਹਾ ਕਿ "ਇਥੇ ਆ ਕੇ ਆਪ ਦਾ ਦਿਲ ਲਗ ਗਿਆ ਸੀ । ਇਥੇ ਆਪ ਭਜਨ ਵੀ ਕਰਦੇ, ਗਰੀਬਾਂ ਦੀਆਂ ਝੋਲੀਆਂ ਵੀ ਭਰਦੇ ਅਤੇ ਘਰ ਦਾ ਵੀ ਸਾਰਦੇ ਸੀ। ਜੇ ਕਿਧਰੇ ਚਲੇ ਗਏ ਤਾਂ ਸਾਡਾ ਕੀ ਹਾਲ ਹੋਏਗਾ ? ਨਿਆਣੇ ਬੱਚੇ ਦੇਖਣ ਨੂੰ ਤਰਸਨਗੇ। ਲਖਮੀ ਚੰਦ ਤਾਂ ਛੋਟਾ ਹੈ ਪਰ ਸ੍ਰੀ ਚੰਦ ਹੁਣ ਸਿਆਣਾ ਹੈ। ਇਹ ਦਿਨ ਭਰ ਮੋਦੀਖਾਨੇ ਵਲ ਧਾਂਦਾ ਅਤੇ ਦਿਨੇ ਰਾਤ ਆਪ ਪਾਸ ਹੀ ਤਾਂ ਰਹਿੰਦਾ ਹੈ। ਆਪ ਤੋਂ ਵਿਛੜ ਕੇ ਇਹ ਕਿਵੇਂ ਟਿਕ ਸਕਦਾ ਹੈ? ਬੇਨਤੀ ਮੰਨ ਲਓ ਤੇ ਅਜਿਹਾ ਨਾ ਕਰਿਓ।"

ਗੁਰੂ ਨਾਨਕ ਜੀ ਨੇ ਆਪਣੀ ਭੈਣ ਦੀ ਬਿਹਬਲਤਾ ਨੂੰ ਪੂਰੀ ਤਰ੍ਹਾਂ ਅਨੁਭਵ ਕੀਤਾ ਸੀ। ਪਰ ਕਰਤਾਰ ਦੇ ਹੁਕਮ ਦੀ ਪਾਲਣਾ ਵੀ ਜ਼ਰੂਰੀ ਦਸੀ ਕਿ ਅੰਦਰੋਂ ਹਾਕਾਂ ਪੈ ਰਹੀਆਂ ਸਨ ।

ਹੋਰ ਢਿੱਲ ਕਰਨੀ ਔਖੀ ਦਿਸੀ । ਆਪ ਨੇ ਸ੍ਰੀ ਚੰਦ ਜੀ ਨੂੰ ਬੇਬੇ ਨਾਨਕੀ ਦੀ ਝੋਲੀ ਦੇ ਕੇ ਉਹਨਾਂ ਦੇ ਧੀਰਜ ਦੇਣ ਨੂੰ ਫੇਰ ਇਉਂ ਫੁਰਮਾਇਆ :-

"ਬੇਬੇ ਜੀਓ ! ਅਸੀਂ ਜਾਣਾ ਤਾਂ ਜ਼ਰੂਰ ਹੈ ਪਰ ਆਪ ਦੇ ਯਾਦ ਕਰਨ ਤੇ ਆ ਜਾਇਆ ਕਰਾਂਗੇ । ਇਸ ਸ੍ਰੀ ਚੰਦ ਦਾ ਸਾਨੂੰ ਕੋਈ ਫਿਕਰ ਨਹੀਂ ਹੈ। ਤੁਸੀਂ ਇਸ ਨੂੰ ਆਪਣੀ ਹੀ ਝੋਲੀ ਪਿਆ ਜਾਣੋ ਅਤੇ ਇਸੇ ਨੂੰ ਹੀ ਪੁਤਰ ਸਮਝੋ, ਹੋਰ ਕੋਈ ਸੰਕਲਪ ਹੀ ਮੁਕਾ ਦਿਓ। ਇਸ ਨੂੰ ਸਾਧਾਰਣ ਪੁਤਰ ਨਾ ਜਾਣਨਾ, ਇਹ ਆਪਣੇ ਜੱਪ-ਤੱਪ ਤੇ ਪ੍ਰੇਮਾ-ਭਗਤੀ ਦੇ ਬਲ ਨਾਲ ਪਰਸਿਧ ਮਹਾਤਮਾ ਹੋਵੇਗਾ । ਇਹਦਾ ਆਪਣਾ ਪੰਥ ਚਲੇਗਾ, ਇਹ ਜਗਤ-ਤਾਰਕ ਹੋਏਗਾ ਤੇ ਇਹਦੀ ਸਿਖਿਆ ਸਿਖਾਈ ਨੂੰ ਸਾਧੂ-ਸੰਤ ਅਤੇ ਸਿੱਧ ਲੋਕ ਵੀ ਮੰਨਣਗੇ । ਇਹ ਵੱਡਾ ਕਰਾਮਾਤੀ ਤੇ ਜਤੀ ਸਤੀ ਚਿਰੰਜੀਵ ਸਾਧੂ ਹੋਏਗਾ।

ਗੁਰੂ ਨਾਨਕ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਲਖਮੀ ਚੰਦ ਬਾਬਤ ਵੀ ਆਖਿਆ– "ਇਹ ਬਾਲਕ ਨਿਆਣਾ ਤਾਂ ਜ਼ਰੂਰ ਹੈ, ਪਰ ਮਾਤਾ ਨਾਲ ਪਰਚ ਜਾਏਗਾ । ਇਹਦੀ ਸੰਤਾਨ ਵਧੇਗੀ, ਅਤੇ ਸਿਮਰਨ ਭਗਤੀ ਕਰਨ ਵਾਲੀ ਸੰਤਾਨ ਜ਼ਰੂਰ ਮਾਣ ਪਾਏਗੀ। ਇਸ ਤਰਾਂ ਨਾਲ ਆਪਣੇ ਦੋਹਾਂ ਪੁਤਰਾਂ ਦਾ ਭਵਿਖਤ ਦਸ ਕੇ ਗੁਰੂ ਜੀ ਨੇ ਸ੍ਰੀ ਚੰਦ ਬਾਬਤ ਫੇਰ ਤਾਕੀਦ ਕੀਤੀ ਕਿ ਇਹ ਤੁਹਾਡੀ ਝੋਲੀ ਹੈ, ਤੁਸੀਂ ਇਸੇ ਨੂੰ ਪੁਤਰ ਜਾਣ ਕੇ ਪਿਆਰ ਕਰਨਾ ।

ਸ੍ਰੀ ਚੰਦ ਗਹਿ ਭੁਜ ਤੇ ਝੋਲੀ ਡਾਲਿਆ ॥
ਹੋ ਤਿੱਸ ਦਿਨ ਤੇ ਸਹਿ ਪ੍ਰੀਤੀ ਨਾਨਕੀ ਪਾਲਿਆ ॥

ਕੁਝ ਦਿਨਾਂ ਪਿਛੋਂ ਸਤਿਗੁਰਾਂ ਨੇ ਕਰਤਾਰ ਦੀ ਰਜ਼ਾ ਵਿਚ ਸਿਰ ਝੁਕਾਇਆ ਤੇ ਜਗਤ ਉਧਾਰ ਲਈ ਚਾਲੇ ਪਾ ਦਿਤੇ। ਇਹ ਬਿਕਰਮੀ ਸੰਮਤ 1958 ਮੁਤਾਬਿਕ ਸੰਨ 1501 ਦਾ ਜ਼ਿਕਰ ਹੈ ਕਿ ਗੁਰੂ ਜੀ ਇਥੋਂ ਪਹਿਲੀ ਉਦਾਸੀ ਨੂੰ ਟੁਰੇ ਸਨ।

## ਬਾਬਾ ਸ੍ਰੀ ਚੰਦ ਜੀ ਦਾ ਬਾਲ ਜੀਵਨ

ਬਾਬਾ ਸ੍ਰੀ ਚੰਦ ਜੀ ਸੱਤ ਸਾਲਾਂ ਤੋਂ ਉਤੇ ਦੇ ਸਨ, ਜਦ ਕਿ ਬੇਬੇ ਨਾਨਕੀ ਜੀ ਦੀ ਝੋਲੀ ਪਾ ਕੇ ਗੁਰੂ ਨਾਨਕ ਜੀ ਜਗਤ ਸੁਧਾਰ ਨੂੰ ਚਲੇ ਗਏ ਸਨ। ਅਗੇ ਸ੍ਰੀ ਨਾਨਕੀ ਜੀ ਦੇ ਕੋਈ ਉਲਾਦ ਨਹੀਂ ਸੀ ਇਸ ਲਈ ਥੁੜ ਅਨੁਭਵ ਕਰਦੇ ਸਨ। ਪਰ ਵੀਰ ਨਾਨਕ ਦੇ ਵਾਕਾਂ ਨੇ ਇਹਨਾਂ ਦੀ ਆਪਣੀ ਚਿੰਤਾ ਹੀ ਮੁਕਾ ਦਿਤੀ ਸੀ। ਇਹ ਸ੍ਰੀ ਚੰਦ ਜੀ ਨੂੰ ਹੀ ਆਪਣੀਆਂ ਅੱਖਾਂ ਦਾ ਚਾਨਣ ਸਮਝਣ ਲਗ ਪਏ। ਇਹਨਾਂ ਨੂੰ ਪੱਲ ਭਰ ਭੀ ਅਖੀਓਂ ਉਹਲੇ ਨਹੀਂ ਹੋਣ ਦੇਂਦੇ ਸਨ। ਜੇ ਕਿਤੇ ਜਾਣਾ ਚਾਹੁੰਦੇ ਤਾਂ ਕਮਲੀਆ ਜੀ ਨਾਲ ਜਾਂਦੇ। ਨਹੀਂ ਤਾਂ ਬੇਬੇ ਜੀ ਇਹਨਾਂ ਨੂੰ ਲਿਖਾਂਦੇ ਪੜ੍ਹਾਦੇ ਰਹਿੰਦੇ, ਕਿਉਂਕਿ ਇਹ ਆਪ ਪੇਕੇ ਘਰ ਹੁੰਦਿਆਂ ਹੀ ਕਈ ਆਪਣੀਆਂ ਧਰਮ ਪੁਸਤਕਾਂ ਅਤੇ ਫਾਰਸੀ ਵਿਚ ਵੀ ਪੜ੍ਹ ਚੁਕੇ ਹੋਏ ਸਨ।

ਬੇਬੇ ਨਾਨਕੀ ਜੀ ਰਾਤ ਸਮੇਂ ਭੀ ਸ੍ਰੀ ਚੰਦ ਜੀ ਨੂੰ ਨਾਲ ਲੈ ਕੇ ਸੌਂਦੇ। ਜਦ ਤਕ ਨੀਂਦ ਨਾ ਆ ਜਾਏ, ਇਹਨਾਂ ਨੂੰ ਆਪਣੇ ਪਿਤਾ ਜੀ ਦੀਆਂ ਬਾਲ ਕਹਾਣੀਆਂ ਸੁਣਾਇਆ ਕਰਦੇ ਕਿ ਛੋਟੀ ਉਮਰੇ ਕਿਵੇਂ ਉਹਨਾਂ ਨੇ ਮੱਝਾਂ ਚਾਰੀਆਂ, ਖੇਤੀਆਂ ਹਰੀਆਂ ਕੀਤੀਆਂ, ਕਿਵੇਂ ਸੱਪ ਨੇ ਛਾਇਆ ਕੀਤੀ ਤੇ ਕਿਵੇਂ ਪਾਂਧੇ ਮੌਲਵੀ ਨੂੰ ਉੱਤਰ ਦੇਂਦੇ ਰਹੇ। ਕਿਵੇਂ ਜੰਞੂ ਪਾਣ ਦੀ ਰਸਮ ਵੇਲੇ

"ਦਇਆ ਕਪਾਹ ਸੰਤੋਖ ਸੂਤ ਜੱਤ ਗੰਢੀ ਸੱਤ ਵੱਟ ॥
ਇਹ ਜਨੇਊ ਜੀਅ ਕਾ ਹਈ ਤ ਪਾਂਡੇ ਘੱਤ।" (ਆਸਾ ਦੀ ਵਾਰ)

ਏਦਾਂ ਸਾਰੇ ਸ਼ਲੋਕ ਸੁਣਾ ਕੇ ਨਾਂਹ ਕਰ ਦਿਤੀ ਸੀ।

ਇਕ ਰਾਤੀਂ ਬੇਬੇ ਜੀ ਨੇ ਇਹ ਵੀ ਸੁਣਾਇਆ ਕਿ ਕਿਵੇਂ ਵੀਰ ਨਾਨਕ ਨੇ ਸੰਤਾਂ ਮਹਾਤਮਾ ਨੂੰ ਰੋਟੀਆਂ ਖੁਆ ਇਆਂ ਤੇ ਇਸ ਸੇਵਾ ਨੂੰ "ਖਰਾ ਸੌਦਾ" ਕੀਤਾ ਦਸਿਆ। ਤਦ ਪਿਤਾ ਕਾਲੂ ਜੀ ਨੇ ਚੁਪੇੜਾਂ ਮਾਰੀਆਂ ਸਨ। ਅਸੀਂ ਮਸਾਂ ਦੌੜ ਕੇ ਛੁਡਾਇਆ, ਨਹੀਂ ਤਾਂ ਹੋਰ ਵੀ ਮਾਰ ਪੈਂਦੀ। ਬੇਬੇ ਜੀ ਨੇ ਹੱਸਦੇ ਹੱਸਦੇ ਕਹਾਣੀ ਸੁਣਾਈ, ਪਰ ਬਾਬਾ ਸ੍ਰੀ ਚੰਦ ਵੀ ਖਾਹ ਖਾਹ ਕਰਦੇ ਹੱਸੇ। ਫੇਰ ਬੋਲ ! ਤਦ ਪਿਤਾ ਜੀ ਰੋਇ, ਕਿ ਨਾ ਰੋਇ ? ਬੇਬੇ ਜੀ ਨੇ ਦਸਿਆ ਕਿ ਉਹ ਉੱਕਾ ਹੀ ਨਹੀਂ ਰੋਇ। ਸਗੋਂ ਮੁੱਸ ਮੁੱਸ ਕਰਦੇ ਹੱਸਦੇ ਰਹੇ।"

ਬਾਬਾ ਜੀ ਨੇ ਤੋਤਲੀ ਜ਼ਬਾਨ ਨਾਲ ਫੇਰ ਪੁਛਿਆ "ਭੂਆ ਜੀ ! ਕੀ ਮੈਂ ਵੀ ਸੰਤਾਂ ਨੂੰ ਰੋਟੀਆਂ ਖੁਆਵਾਂਗਾ, ਤਦ ਮੇਰੇ ਪਿਤਾ ਜੀ ਆ ਕੇ ਮੈਨੂੰ ਵੀ ਮਾਰਨਗੇ ?" ਇਹ ਸੁਣ ਕੇ ਬੇਬੇ ਜੀ ਨੇ ਇਹਨਾਂ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਤੇ ਆਖਿਆ "ਲਾਲ ਜੀਓ ! ਤੁਸੀਂ ਐਸਾ ਕਰੋਗੇ ਤਾਂ ਤੁਹਾਡੇ ਪਿਤਾ ਸਗੋਂ ਖੁਸ਼ ਹੋਣਗੇ। ਉਹ ਆਪ ਸੰਤਾਂ, ਭਗਤਾਂ ਦੀ ਸੇਵਾ ਕਰਨ ਵਾਲੇ, ਭਲਾ ਤੁਹਾਡੇ ਤੇ ਨਰਾਜ਼ ਕਿਉਂ ਹੋਣਗੇ ? ਉਹ ਤਾਂ ਸਾਰਿਆਂ ਨੂੰ ਸੇਵਾ ਸਿਮਰਨ ਹੀ ਸਿਖਾਣ ਗਏ ਹਨ।" ਇਉਂ ਕਹਾਣੀਆਂ ਸੁਣਾ ਸੁਣਾ ਕੇ ਬੇਬੇ ਜੀ ਇਹਨਾਂ ਨੂੰ ਸੁਆ ਕੇ ਆਪ ਸੌਂ ਜਾਇਆ ਕਰਦੇ।

# ਸਮਾਧੀਆਂ ਲਾਉਣ ਦੀ ਆਦਤ

ਮੋਦੀਖਾਨਾ ਚਲਾਉਂਦਿਆਂ ਗੁਰੂ ਜੀ ਪ੍ਰਸ਼ਾਦਾ ਘਰ ਆ ਛਕਿਆ ਕਰਦੇ ਸਨ। ਰਾਤ ਨੂੰ ਸੌਣ ਵੇਲੇ ਸ੍ਰੀ ਚੰਦ ਵੀ ਨਾਲ ਹੀ ਸੌਂ ਜਾਇਆ ਕਰਦੇ। ਕਦੀਂ ਕਿਤੇ ਮੋਦੀਖਾਨੇ ਚਲੇ ਜਾਂਦੇ ਤਾਂ ਇਹ ਉਥੇ ਵੀ ਚਲੇ ਜਾਂਦੇ। ਗੁਰੂ ਜੀ ਰਾਤ ਵੇਲੇ ਇਹਨਾਂ ਨੂੰ ਸੰਤਾਂ ਭਗਤਾਂ ਦੀਆਂ ਸਾਖੀਆਂ ਸੁਣਾ ਸੁਣਾ ਕੇ ਪਰਚਾਈ ਰਖਦੇ ਸਨ ਤੇ ਇਹ ਵੀ ਧਿਆਨ ਨਾਲ ਸੁਣਿਆ ਕਰਦੇ।

ਗੁਰੂ ਨਾਨਕ ਜੀ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਦੇ, ਫੇਰ ਸਮਾਧੀ ਲਾ ਕੇ ਬੈਠਦੇ ਹੁੰਦੇ ਸਨ। ਕਦੀ ਕਦਾਈਂ ਸ੍ਰੀ ਚੰਦ ਜੀ ਦੀ ਅੱਖ ਖੁਲ੍ਹ ਜਾਂਦੀ ਤ ਉਹ ਪਿਤਾ ਜੀ ਨੂੰ ਬੈਠੇ ਵੇਖ ਕੇ, ਇਹ ਵੀ ਬੈਠ ਜਾਂਦੇ। ਇਹ ਵਿਚੋਂ ਚਿਤੰਨ ਤੇ ਸਿਆਣੇ ਸਨ। ਪੂਰਾ ਪੂਰਾ ਧਿਆਨ ਰਖਦੇ ਤੇ ਸੋਚਦੇ ਕਿ ਪਿਤਾ ਜੀ ਅੱਖਾਂ ਮੀਟਕੇ ਬੈਠਦੇ ਹਨ। ਕੋਈ ਚੰਗੀ ਗਲ ਹੋਣੀ ਹੈ। ਇਹ ਵੀ ਉਸੇ ਤਰਾਂ ਅੱਖਾਂ ਮੀਚ ਕੇ ਬੈਠੇ ਰਹਿੰਦੇ ਤੇ ਇਉਂ ਇਹਨਾਂ ਨੂੰ ਸਮਾਧੀ ਲਾ ਬੈਠਣ ਦੀ ਆਦਤ ਪੈ ਗਈ ਸੀ।

ਸਮਾਧੀ ਤੋਂ ਉਠਣ ਵੇਲੇ ਗੁਰੂ ਜੀ ਨੇ ਕਈ ਵਾਰੀ ਇਹਨਾਂ ਨੂੰ ਐਸਾ ਦੇਖਿਆ ਕਿ ਧਰੂ ਭਗਤ ਵਾਂਗੂ ਸ੍ਰੀ ਚੰਦ ਵੀ ਬੈਠਾ ਰਹਿੰਦਾ ਹੈ। ਇਸ ਨੂੰ ਸਿਮਰਨ ਭਗਤੀ ਦੀ ਕਿਤਨੀ ਲਗਨ ਹੋਵੇਗੀ ਤੇ ਕਿਤਨਾ ਤਪੱਸਵੀ ਆਸਣ ਦਾ ਪੱਕਾ ਹੋਵੇਗਾ। ਐਸਾ ਇਹਨਾਂ ਦੀ ਬਚਪਨ ਦੀ ਬੈਠਕ ਥੀਂ ਹੀ ਗੁਰੂ ਜੀ ਨੇ ਅਨੁਮਾਨ ਕਰ ਲਿਆ ਸੀ। ਇਸ ਤੋਂ ਵਧੀਕ ਗੁਰੂ ਜੀ ਨੂੰ ਹੋਰ ਕੀ ਚਾਹੀਦਾ ਸੀ, ਕਿ ਲੋਕਾਂ ਦੇ ਬਾਲਕਾਂ ਨੂੰ ਨਿਕੀ ਉਮਰੇ ਸਮਾਧੀਆਂ ਲਵਾ, ਨਾਮ ਜਪਾਣ ਵਾਲਿਆਂ ਦਾ ਆਪਣਾ ਬਾਲਕ ਹੁਣੇ ਹੀ ਇਹਨਾਂ ਦੀ ਚਾਲੀ ਚਲਣ ਲਗਾ ਹੈ। ਗੁਰੂ ਜੀ ਆਪਣੇ ਸ੍ਰੀ ਚੰਦ ਜੀ ਦੀ ਇਸ ਪੱਕੀ ਬੈਠਕ ਨੂੰ ਦੇਖ ਕੇ ਖੁਸ਼ ਹੁੰਦੇ ਤੇ ਸਿਮਰਨ ਰੀਤ ਅਤੇ ਨਾਮ ਜਪਣ ਦੇ ਗੁਣ ਵੀ ਸਮਝਾਇਆ ਕਰਦੇ ਸਨ।

ਹੁਣ ਬਾਬਾ ਸ੍ਰੀ ਚੰਦ ਨੂੰ ਬੇਬੇ ਨਾਨਕੀ ਜੀ ਆਪਣੇ ਨਾਲ ਲੈ ਕੇ ਸੌਂਦੇ ਸਨ ਪਰ ਠੀਕ ਉਸੇ ਸਮੇਂ ਪਿਛਲੇ ਪਹਿਰ ਬਾਬਾ ਜੀ ਰੋਜ਼ ਉਠ ਬੈਠਦੇ। ਇਕ ਦੋ ਦਿਨ ਤਾਂ ਬੇਬੇ ਜੀ ਨੇ ਸਾਧਾਰਣ ਗਲ ਜਾਣੀ, ਸਮਝਿਆ ਕਿ ਟੱਟੀ-ਪੇਸ਼ਾਬ ਆਉਣ ਕਰ ਕੇ ਜਾਗਦੇ ਹਨ। ਬੇਬੇ ਜੀ ਚੁਕਕੇ ਸੁਚੇਤਾ ਕਰੌਣ ਦਾ ਯਤਨ ਕਰਦੇ ਤੇ ਸੁਆ ਦਿੰਦੇ। ਪਰ ਥੋੜੀ ਦੇਰ ਮਗਰੋਂ ਇਹ ਫੇਰ ਉਠ ਬੈਠਦੇ। ਤਦ ਬੇਬੇ ਜੀ ਨੇ ਇਸ ਭੇਦ ਨੂੰ ਪਾ ਲਿਆ ਕਿ ਸਿਮਰਨ ਕਰਨ ਦਾ ਸੁਭਾਉ ਪੈ ਗਿਆ ਹੈ। ਇਹਨਾਂ ਤਾਈਂ ਫੇਰ ਹਲਾਉਣਾ ਜੁਲਾਉਣਾ ਛੱਡ ਦਿਤਾ ਤੇ ਪੱਕਾ ਅਭਿਆਸੀ ਜਾਣਿਆ। ਹੁਣ ਤਾ ਬੇਬੇ ਜੀ ਇਹਨਾਂ ਨਾਲ ਮੰਜੇ ਉਤੇ ਬੈਠਣ, ਸੌਣ ਨੂੰ ਵੀ ਇਹਨਾਂ ਦੀ ਨਰਾਦਰੀ ਹੁੰਦੀ ਸਮਝ ਕੇ ਡਰਨ ਲਗੇ। ਪਰ ਫੇਰ ਬਡੱਪਨ ਵਿਚ ਆ ਜਾਂਦੇ ਕਿ ਕੋਈ ਡਰ ਨਹੀਂ ਹੈ। ਮੈਨੂੰ ਮਾਤਾ ਤੁੱਲ ਸਮਝ ਕੇ ਹੀ ਝੋਲੀ ਪਾ ਗਏ ਹਨ। ਮੈਨੂੰ ਨੀਂਦ ਕਿਵੇਂ ਆਵੇ ?

ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥

# ਸੰਪਰਦਾਇਕ ਸਮਾਚਾਰ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ-ਨਸ਼ੀਨ ਵਲੋਂ
ਪਿਤਾ-ਪੁਰਖੀ ਨਾਨਕ ਸ਼ਾਹੀ ਧਰਮ ਪ੍ਰਚਾਰ ਦੇ ਸਬੰਧਿਤ ਪਰੋਗਰਾਮ।

(ਨੋਟ—ਪੂਰਾ ਮਹੀਨਾ 29 ਜੁਲਾਈ ਤੋਂ 25 ਅਗਸਤ ਤਕ ਬਿਮਾਰੀ ਵਿਚ ਸਿਮਰਨ ਵਿਚ ਹੀ ਬੀਤਿਆ)

26, 27 ਤੇ 28 ਅਗਸਤ 1974— ਨਾਨਕਸਰ ਵਿਖੇ ਸੰਤ ਨੰਦ ਸਿੰਘ ਜੀ ਦੀ ਬਰਸੀ ਮਨਾਉਂਦਿਆਂ ਹੋਇਆਂ ਜਿਥੇ ਦੀਵਾਨਾਂ ਵਿਚ ਹਾਜ਼ਰ ਹੋ ਗੁਰੂ ਨਾਨਕ ਪਾਤਿਸ਼ਾਹ ਦੇ ਗੁਣ ਗਾਏ ਉਥੇ ਨਾਲ ਨਾਲ ਗੁਰੂ ਕਾ ਲੰਗਰ ਭੀ ਹਰ ਸਾਲ ਵਾਂਗ ਅਤੁਟ ਵਰਤਿਆ ਤੇ ਸਰਬੱਤ ਮਹਾਤਮਾਵਾਂ ਅਤੇ ਸੰਗਤ ਦੀ ਪਰਸੰਤਾ ਲਈ ।

28 ਅਗਸਤ 1974— ਅਜ ਸ: ਪ੍ਰੀਤਮ ਸਿੰਘ ਤੇ ਬੀਬਾ ਜੀਤ ਕੌਰ ਦੇ ਸਪੁੱਤਰ ਨਾਨਕ ਸਿੰਘ ਦਾ ਜਨਮ ਦਿਨ ਸੀ, ਜਿਸ ਨੂੰ ਪਰਵਾਰ ਨੇ ਅਖੰਡ ਪਾਠ ਰਖਵਾ ਲੱਡੂ ਪ੍ਰਸ਼ਾਦ ਵਰਤਾਇਆ ਤੇ ਸਪੁਤਰ ਨੂੰ ਸੰਗਤਾਂ ਦੀਆਂ ਅਸੀਸਾਂ ਪਰਾਪਤ ਹੋਈਆਂ ।

28 ਅਗਸਤ 1974—ਅਜ ਰਾਤ ਡੇਰੇ ਦਾ ਪ੍ਰਸ਼ਾਦ ਤੇ ਦੀਵਾਨ ਸ: ਤਰਲੋਕ ਸਿੰਘ ਜੀ ਖਾਲਸਾ ਬੋਰਿੰਗ ਈ-6, ਸਰਾਭਾ ਨਗਰ ਲੁਧਿਆਣਾ ਦੇ ਪਰਵਾਰ ਦੇ ਗ੍ਰਹਿ ਵਿਖੇ ਹੋਇਆ । ਬਅੰਤ ਸੰਗਤਾਂ ਦੀ ਹਾਜ਼ਰੀ ਹੋਈ ਤੇ ਸਰਦਾਰ ਸਾਹਿਬ ਦੇ ਪ੍ਰਵਾਰ ਨੇ ਖੁਲ੍ਹੇ ਦਿਲ ਨਾਲ ਸੰਗਤਾਂ ਦੀ ਸੇਵਾ ਕੀਤੀ।

29, 30 ਤੇ 31 ਅਗਸਤ 1974—ਅਖੰਡ ਪਾਠ ਸ: ਸਤਨਾਮ ਸਿੰਘ ਜੀ ਦੇ ਘਰ ਮਾਡਲ ਟਾਊਨ ਵਿਖੇ ਆਪ ਦੇ ਸਪੁਤਰ ਦੇ ਵਿਆਹ ਦੀ ਖੁਸ਼ੀ ਵਿਚ ਰਖਿਆ ਗਿਆ ।

1 ਸਤੰਬਰ 1974— ਅਜ ਸ੍ਰੀ ਹਜ਼ੂਰ ਨੇ ਸ: ਸਤਿਨਾਮ ਸਿੰਘ ਦੇ ਵਡੇ ਸਪੁਤਰ ਦਾ ਅਨੰਦ ਕਾਰਜ ਆਪ ਕਰਵਾਇਆ ਤੇ ਅਰਦਾਸ ਸੁਖਤਾ ਦੀ ਕੀਤੀ।

2. 3 ਤ 4 ਸਬੰਬਰ 1974—ਅਖੰਡ ਪਾਠ ਤੇ ਹਰ ਦੋ ਵਕਤ ਦੀਵਾਨ ਸ: ਜੋਗਿੰਦਰ ਸਿੰਘ ਸ: ਪ੍ਰਧਾਨ ਸਿੰਘ ਨਵੀਂ ਸਬਜ਼ੀ ਮੰਡੀ, ਸਲੇਮ ਟਾਬਰੀ ਲੁਧਿਆਣਾ ਦੇ ਗ੍ਰਹਿ ਵਿਚ ਦੀਵਾਨ ਸਜਦੇ ਰਹੇ, ਉਪਰੰਤ ਭੋਗ ਪਾਇਆ ਗਿਆ ।

24, 25 ਤੇ 26 ਸਤੰਬਰ 1974— ਦਸਵੀਂ ਦਾ ਦਿਵਸ ਦਮਦਮਾ ਮਨਸੂਰਾਂ ਵਿਖੇ ਹੇਠ ਲਿਖੇ ਸਜਨਾਂ ਵਲੋਂ ਅਖੰਡ ਪਾਠ ਰਖਵਾ ਕੇ ਮਨਾਇਆ ਗਿਆ ਤੇ ਗੁਰੂ ਕਾ ਲੰਗਰ ਅਤੁਟ ਵਰਤਿਆ—

1] ਸ: ਤਾਰਾ ਸਿੰਘ ਜੀ ਸਪੁਤਰ ਸ: ਮੰਗਲ ਸਿੰਘ ਜੀ ਪਿੰਡ ਕੁਤਬਾ, ਡਾ: ਬਰਨਾਲਾ [ਸੰਗਰੂਰ]।
2] ਸ: ਤੇਜਾ ਸਿੰਘ ਜੀ ਤੇ ਪਰਵਾਰ, ਜੋਧਾਂ [ਲੁਧਿਆਣਾ ]।
3] ਸ: ਠਾਕੁਰ ਸਿੰਘ ਜੀ ਦਾਖੇ ਤੇ ਸ: ਹਰਚੰਦ ਸਿੰਘ ਸ: ਬਚਿਤਰ ਸਿੰਘ ਜੀ ਕਲਕੱਤਾ।
4] ਸ: ਦੇਵਾ ਸਿੰਘ ਸਪੁਤਰ ਸ: ਜੋਗਿੰਦਰ ਸਿੰਘ ਜੀ ਪਿੰਡ ਰਮਦੇਆਲ [ਲੁਧਿਆਣਾ]
5] ਸ: ਰਾਜ ਸਿੰਘ ਜੀ ਸਾਹਨੀ [ਨਾਗਪੁਰ]
6] ਦਾਸ ਵਲੋਂ ।

25, 26 ਤੇ 27 ਸਤੰਬਰ 1974— ਦੋ ਅਖੰਡ ਪਾਠਾਂ ਦੇ ਭੋਗ ਸ: ਸੁਰਜੀਤ ਸਿੰਘ ਜੀ ਜੜੀਏ ਦੇ ਘਰ ਰੜੀ ਮਹੱਲਾ ਲੁਧਿਆਣਾ । ਇਕ ਪਾਠ ਆਪ ਦੇ ਸਪੁਤਰ ਸ: ਗੁਰਚਰਨ ਸਿੰਘ ਓਵਰਸੀਅਰ ਦੇ ਸ਼ਗਨ ਦੀ ਖੁਸ਼ੀ ਵਿਚ ਤੇ ਦੂਜਾ ਸਾਲਾਨਾ ਗੁਰੂ ਪੂਜਾ ਵਜੋਂ । ਹਰ ਦੋਨੋਂ ਸਮੇਂ ਦੀਵਾਨ ਸਜਦੇ ਰਹੇ।

10 ਤੋਂ 14 ਅਕਤੂਬਰ 1974— ਬਰਸੀ ਬਾਵਾ ਪਰੇਮ ਦਾਸ ਜੀ ਤੇ ਬਾਵਾ ਸਤੀ ਦਾਸ ਜੀ ਖੁੱਡ ਮਹੱਲਾ, ਲੁਧਿਆਣਾ–

ਅਸਥਾਨ ਦੇ ਮਹੰਤ ਸਾਹਿਬ ਮਹੰਤ ਬਾਵਾ ਚਰਨ ਦਾਸ ਜੀ ਨੇ ਅਨੇਕਾਂ ਅਖੰਡ ਪਾਠ ਰਖਵਾ ਕੇ ਬਰਸੀ ਮਨਾਈ। ਆਪ ਦੇ ਪਰੇਮ ਪਿਆਰ ਦਾ ਸਦਕਾ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ ਹਰ ਦੋ ਵਕਤ ਹਾਜ਼ਰ ਹੋ; ਦੀਵਾਨ ਸਜਾਏ ।

17 ਅਕਤੂਬਰ 1974— ਅਜ ਸ; ਤਾਰਾ ਸਿੰਘ ਜੀ ਦੇ ਗ੍ਰਿਹਿ ਵਿਖੇ ਦੀਵਾਨ ਸਜਿਆ ਤੇ ਸੰਗਰਾਂਦ ਦਾ ਸਵੇਰ ਦਾ ਦੀਵਾਨ ਪਿੰਡ ਵਿਖੇ ਹੋਇਆ । ਨਗਰ ਦੀਆਂ ਸਮੂਹ ਸੰਗਤਾਂ ਇਸ ਸਮੇਂ ਪੁਜੀਆਂ ਤੇ ਪ੍ਰਸ਼ਾਦ ਮਿਸਤਰੀ ਤਾਰਾ ਸਿੰਘ ਜੀ ਦੇ ਗ੍ਰਿਹਿ ਵਿਖੇ ਛਕਿਆ ।

23, 24 ਤੇ 25 ਅਕਤੂਬਰ 1974— ਦਸਵੀਂ ਦਾ ਦੀਵਾਨ ਦਮਦਮਾ ਬਾਬਾ ਸਾਹਿਬ ਸਿੰਘ ਜੀ ਬੇਦੀ ਮਨਸੂਰਾਂ ਵਿਖੇ ਧੂਮ ਧਾਮ ਨਾਲ ਮਨਾਇਆ ਗਿਆ ਤੇ ਹੇਠ ਲਿਖੇ ਅਖੰਡ ਪਾਠ ਹੋਏ—

1] ਸ: ਨਾਹਰ ਸਿੰਘ ਜੀ ਸਪੁਤਰ ਸ: ਜਗਤ ਸਿੰਘ ਜੀ, ਪਿੰਡ ਘੁਬੱਦੀ [ਲੁਧਿਆਣਾ]।
2] ਸ: ਹਰਦੀਪ ਸਿੰਘ ਸਾਧੂ ਸਿੰਘ ਜੀ, ਪਿੰਡ ਸਜਾਦਾ (ਲੁਧਿਆਣਾ)
3] ਸ: ਬਲਰਾਜ ਸਿੰਘ ਜੀ ਮਨਸੂਰਾਂ ।
4[ ਮੇਰੇ ਵਲੋਂ ।

26 ਅਕਤੂਬਰ 1974— ਗਿੱਲ ਨਗਰ ਵਿਖੇ ਬੀਬਾ ਸੁਰਿੰਦਰ ਕੌਰ ਅਤੇ ਹੋਰ ਸੰਗਤਾਂ ਨੇ ਆਪੋ ਆਪਣੇ ਗ੍ਰਿਹਿ ਵਿਖੇ ਸ੍ਰੀ ਹਜ਼ੂਰ ਦੇ ਚਰਨ ਪਵਾਏ।

## ਦੀਵਾਨ ਗੁਰਦਵਾਰਾ ਕਲਗੀਧਰ ਸਿੰਘ ਸਭਾ

29 ਤੋਂ 31 ਅਕਤੂਬਰ 1974– ਪਰਧਾਨ ਜੀ ਅਤੇ ਹੋਰ ਪਰਬੰਧਕਾਂ ਦੇ ਕਹਿਣ ਅਨੁਸਾਰ ਬੜੇ ਭਾਗੀ ਦੀਵਾਨ ਲੁਧਿਆਣਾ ਵਿਖੇ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ ਸਜਾਏ ਅਤੇ ਸੁੰਦਰ ਸੇਵਾ ਦੇਖ ਪਰਬੰਧਕਾਂ ਨੂੰ ਕੂਜੇ ਬਖਸ਼ੇ ਤੇ ਖੁਸ਼ੀ ਪਰਗਟ ਕੀਤੀ।

27, 28 ਤੇ 29 ਅਕਤੂਬਰ 1974– ਵਧਾਈ ! ਵਧਾਈ !!

ਪਰਮੇਸ਼ਰ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥

ਸਤਿਗੁਰੂ ਦੀ ਅਪਾਰ ਬਖਸ਼ਿਸ਼ ਦੁਆਰਾ ਸ੍ਰੀ ਓਮ ਪ੍ਰਕਾਸ਼ ਜੀ ਸ਼ਰਮਾ, ਸ਼ਰਮਾ ਮਾਰਕੀਟ, ਲੁਧਿਆਣਾ ਦੀ ਬੱਚੀ ਦੇ ਗ੍ਰਿਹਿ ਵਿਖੇ ਪੁਤਰ ਦੀ ਦਾਤ ਪਰਾਪਤ ਹੋਈ । ਖੁਸ਼ੀ ਵਜੋਂ ਸ੍ਰੀ ਹਜ਼ੂਰ ਨੂੰ ਸੱਦ ਕੇ ਅਖੰਡ ਪਾਠ ਰਖਵਾਏ ਤੇ ਦੀਵਾਨ ਹਰ ਦੋ ਵਕਤ ਸਜੇ । ਖੂਬ ਖੁਸ਼ੀਆਂ ਮਨਾਈਆਂ ਗਈਆਂ।

1, 2 ਤੇ 3 ਨਵੰਬਰ 1974-- ਬਾਬਾ ਸੰਤ ਸਿੰਘ ਜੀ ਬੇਦੀ ਅਤੇ ਆਪ ਦੇ ਸਪੁਤਰ ਬਾਬਾ ਇੰਦਰ ਸਿੰਘ ਅਤੇ ਬਾਬਾ ਜੋਗਿੰਦਰ ਸਿੰਘ ਜੀ ਨੂੰ ਸਤਿਗੁਰੂ ਨੇ ਸਰਾਭਾ ਨਗਰ ਵਿਖੇ ਮਹਿਲ ਬਖਸ਼ੇ ਹਨ ।

ਇਸ ਖੁਸ਼ੀ ਨੂੰ ਅਨੁਭਵ ਕਰਦਿਆਂ ਹੋਇਆਂ ਨਿਤ ਦੀਵਾਨ ਲਗਵਾ ਤੇ ਅਖੰਡ ਪਾਠ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਪਾਸੋਂ ਰਖਵਾ ਭੋਗ ਪਵਾਇਆ। ਸ੍ਰੀ ਗੁਰੂ ਗਰੰਥ ਸਾਹਿਬ ਦਾ ਅਗੇ ਲਈ ਨਿਤ ਪਰਕਾਸ਼ ਗ੍ਰਹਿ ਵਿਖੇ ਬਾਬਾ ਜੀ ਦੇ ਕਹਿਣ ਤੇ ਕੀਤਾ ਗਿਆ।

9, 10 ਤੇ 11 ਨਵੰਬਰ 1974– ਪਿੰਡ ਖਿਆਲਾ ਬੁਲੰਦਾ ਜ਼ਿਲਾ ਹੁਸ਼ਿਆਰ ਪੁਰ ਵਿਖੇ ਬਾਬਾ ਜੀ ਨੇ ਅਖੰਡ ਪਾਠ ਰਖਵਾ ਨਵਾਂ ਗੁਰਦਵਾਰਾ ਕਾਇਮ ਕਰਨ ਦਾ ਪਿੰਡ ਵਿਖੇ ਯਤਨ ਕੀਤਾ ਅਤੇ ਸਾਰੀ ਭੇਟਾ ਗੁਰ-ਸਿੱਖਾਂ ਦੇ ਹਵਾਲੇ ਕੀਤੀ ਤਾਕਿ ਗੁਰਦਵਾਰਾ ਛੇਤੀ ਤੋਂ ਛੇਤੀ ਬਣ ਜਾਏ।

## ਨੀਂਹ-ਪੱਥਰ ਦਰਸ਼ਨੀ ਡਿਉਢੀ ਮਨਸੂਰਾਂ

"ਉਚਾ ਦਰ ਬਾਬੇ ਨਾਨਕ ਦਾ, ਸੋਹਣਾ ਦਰ ਬਾਬੇ ਨਾਨਕ ਦਾ।"

22, 23 ਤੇ 24 ਨਵੰਬਰ 1974—ਅਜ ਦਸਵੀਂ ਦੇ ਦਿਹਾੜੇ ਹੇਠ ਲਿਖੇ ਅਖੰਡ ਪਾਠ ਰਖਵਾ ਕੇ ਭੋਗ ਪਾਏ ਗਏ ਤੇ ਸੰਗਤ ਨੇ ਨੀਂਹ-ਪੱਥਰ ਦਰਸ਼ਨੀ ਡਿਉਢੀ ਦਾ ਰਖਾਇਆ। ਗੁਰ-ਮੰਤਰ ਪੜ੍ਹਦਿਆਂ ਪੰਜ ਪਿਆਰੇ ਸਾਜ ਕੇ:

੧) ਸ੍ਰੀਮਾਨ ਮਹੰਤ ਤਾਰਾ ਸਿੰਘ ਜੀ ਮਿੱਠਾ ਟਿਵਾਣਾ (ਹੁਸ਼ਿਆਰ ਪੁਰ)।
੨) ਸ੍ਰੀਮਾਨ ਮਹੰਤ ਕਰਤਾਰ ਸਿੰਘ ਜੀ ਜਲਾਲਾਬਾਦ।
੩) ਸ੍ਰੀਮਾਨ ਸ: ਨਾਨਕ ਸਿੰਘ ਜੀ ਨਾਭਾ।
੪) ਸ੍ਰੀਮਾਨ ਸ: ਈਸ਼ਰ ਸਿੰਘ ਜੀ ਨਾਰਾ।
੫) ਸ੍ਰੀਮਾਨ ਬਾਬਾ ਹੁਕਮ ਸਿੰਘ ਜੀ ਬੇਦੀ (ਕਾਬਲ ਵਾਲੇ) ਨਾਭਾ।

ਇਸ ਅਵਸਰ ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਸੜਕ ਤੇ ਪੁਜੀ, ਪੰਜ ਪਿਆਰਿਆਂ ਹਸਤ-ਕਵਲਾਂ ਨਾਲ ਨੀਂਹ ਰੱਖੀ ਤੇ ਜੈਕਾਰੇ ਗੂੰਜ ਉਠੇ। ਮਨ-ਮਤੀਆਂ ਫਿਰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਸਰਪੰਚ ਪੰਚਾਇਤ ਸ: ਮੇਹਰ ਸਿੰਘ ਅਤੇ ਪੰਚਾਇਤ ਦੀ ਦਾਨਸ਼ਮੰਦੀ ਦੇ ਕਾਰਣ ਗੁਰਮਤਿ ਦੀਆਂ ਚੜ੍ਹਦੀਆਂ ਕਲਾਂ ਰਹੀਆਂ। ਹੇਠ ਲਿਖੇ ਸਜਨਾਂ ਨੇ ਪੁਜ ਕੇ ਅਖੰਡ ਪਾਠ ਰਖਵਾ ਗੁਰੂ ਘਰ ਦੀਆਂ ਖੁਸ਼ੀਆਂ ਪਰਾਪਤ ਕੀਤੀਆਂ--

੧] ਸ: ਹਰਦੀਪ ਸਿੰਘ ਸਪੁਤਰ ਸ: ਪਰੀਤਮ ਸਿੰਘ ਜੀ, ਆਜ਼ਾਦ ਨਗਰ ਲੁਧਿਆਣਾ।
੨] ਬੀਬੀ ਸੁਰਜੀਤ ਕੌਰ ਧਰਮ-ਪਤਨੀ ਸ: ਦਰਸ਼ਨ ਸਿੰਘ ਜੀ; ਪਿੰਡ ਜੋਧਾਂ (ਲੁਧਿਆਣਾ)
੩] ਮਾਤਾ ਕਿਸ਼ਨ ਕੌਰ ਜੀ, ਪਿੰਡ ਮਨਸੂਰਾਂ [ਲੁਧਿਆਣਾ]
੪] ਸ: ਬਖਸ਼ੀਸ਼ ਸਿੰਘ ਸਪੁਤਰ ਸ: ਗੁਰਦਿਆਲ ਸਿੰਘ ਜੀ, ਪਿੰਡ ਗਿੱਲ [ਲੁਧਿਆਣਾ]
੫] ਸ: ਪਰੀਤਮ ਸਿੰਘ ਸਪੁਤਰ ਸ: ਬਚਨ ਸਿੰਘ ਜੀ, ਪਿੰਡ ਜੰਡਾਲੀ [ਲੁਧਿਆਣਾ]
੬] ਸ: ਸੋਹਨ ਸਿੰਘ ਸਪੁਤਰ ਸ: ਕਰਤਾਰ ਸਿੰਘ ਜੀ, ਪਿੰਡ ਪਮਾਲੀ [ਲੁਧਿਆਣਾ]
੭] ਦਾਸ ਵਲੋਂ।

## ਗੁਰਪੁਰਬ ਗੁਰੂ ਨਾਨਕ ਪਾਤਿਸ਼ਾਹ

੨੭, ੨੮ ਤੇ ੨੯ ਨਵੰਬਰ ੧੯੭੪— ਕਵੀ ਦਰਬਾਰ ਕਲਗੀਧਰ ਗੁਰਦਵਾਰਾ ਵਿਖੇ ੨੭ ਤਾਰੀਖ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ ਤੇ ਦੂਰੋਂ ਦੂਰੋਂ ਹਰ ਕੌਮ ਦੇ ਕਵੀਆਂ ਨੇ ਹਿੱਸਾ ਲਿਆ। ਸੰਗਤਾਂ ਦੀ ਬੇਅੰਤ ਪਰਸੰਤਾ ਹੋਈ।

੨੮ ਤਰੀਕ ਨੂੰ ਜਲੂਸ ਵਿਚ ਸ਼ਾਮਲ ਹੋ, ੨੯ ਤਰੀਕ ਨੂੰ ਗੁਰਪੁਰਬ ਖਿਆਲਾ ਬੁਲੰਦਾ ਪਿੰਡ ਵਿਚ ਮਨਾਇਆ ਗਿਆ। ਇਥੋਂ ਦੇ ਗਰੀਬ ਗੁਰਸਿੱਖਾਂ ਨੂੰ ਬੜੀ ਪਰਸੰਤਾ ਹੋਈ ਤੇ ਗੁਰੂ ਨਾਨਕ ਪਾਤਿਸ਼ਾਹ ਦੇ ਲੜ ਲਗੇ।

੪, ੫ ਤੇ ੬ ਦਸੰਬਰ ੧੯੭੪—ਚਾਵਲਾ ਮੈਡੀਕਲ ਏਜੰਸੀ ਸ: ਗੁਰਦੀਪ, ਸ: ਗੁਰਬਖਸ਼ ਸਿੰਘ ਤੇ ਸ: ਮਨਜੀਤ ਸਿੰਘ ਜੀ ਨੇ ਅਖੰਡ ਪਾਠ ਰਖਵਾ ਕੇ ਭੋਗ ਪਵਾਇਆ ਤੇ ਥੋਕ ਦੀ ਦੁਕਾਨ ਦਾ ਮਹੂਰਤ ਕੀਤਾ।

੭ ਦਸੰਬਰ ੧੯੭੪—ਸ: ਕਰਤਾਰ ਸਿੰਘ ਜੀ ਇਛਪੁਨੇਨੀ ਖਾਲਸਾ ਫ਼ਰੂਟ ਸ਼ਾਪ ਵਾਲਿਆਂ ਨੇ ਸਪੁਤਰ ਦੀ ਖੁਸ਼ੀ ਵਿਚ ਅਖੰਡ ਪਾਠ ਰਖੇ, ਜਿਸ ਵਿਚ ਸ੍ਰੀ ਹਜ਼ੂਰ ਜੀ ਨੇ ਸ਼ਾਮਲ ਹੋ ਕੇ ਦੀਵਾਨ ਸਜਾਇਆ ਤੇ ਸੰਗਤਾਂ ਨੂੰ ਗੁਰਬਾਣੀ ਦੁਆਰਾ ਨਿਹਾਲ ਕੀਤਾ।

੮ ਦਸੰਬਰ ੧੯੭੪--ਸ: ਅਮਰ ਸਿੰਘ ਜੀ ਸਰਾਓ ਦੀ ਬੱਚੀ ਪੁਸ਼ਪਿੰਦਰ ਕੌਰ ਦਾ ਅਨੰਦ ਕਾਰਜ ਸ: ਗੁਰਜੀਤ ਸਿੰਘ ਸਪੁਤਰ ਸ: ਜਸਵੰਤ ਸਿੰਘ ਜੀ ਨਾਲ ਹੋਇਆ ਜਿਸ ਵਿਚ ਸ੍ਰੀ ਹਜ਼ੂਰ ਵੀ ਸ਼ਾਮਲ ਹੋਏ ਤੇ ਆਪਣੇ ਹੱਥੀਂ ਅਨੰਦ ਕਾਰਜ ਦੀ ਰਸਮ ਕਰਵਾਈ। ਇਸ ਵਿਵਾਹ ਵਿਚ ਸਾਰੀ ਚੰਡੀਗੜ੍ਹ ਦੀਆਂ ਸੰਗਤਾਂ ਸ਼ਾਮਲ ਸਨ। ਸ: ਸਵਰਨ ਸਿੰਘ ਵਜ਼ੀਰ ਡੀਫੈਂਸ ਹਿੰਦ ਸਰਕਾਰ ਨੂੰ ਸਿਰੋਪਾਓ ਭੇਟ ਕੀਤਾ ਗਿਆ ਤੇ ਸੰਗਤਾਂ ਦੀਆਂ ਖੁਸ਼ੀਆਂ ਲਈਆਂ।

੧੧ ਦਸੰਬਰ ੧੯੭੪– (੧) ਸ਼ਾਦੀ ਬੀਬੀ ਜਮਨਾ ਰਾਊਵਾਲ, ਜੋ ਬੜੀ ਬੀਮਾਰ ਸੀ, ਦਰਬਾਰ ਬਾਬਾ ਸਾਹਿਬ ਸਿੰਘ ਜੀ ਦੀ ਸੇਵਾ ਕਰ ਰਾਜ਼ੀ ਹੋਈ ਦਾ ਅਨੰਦ ਕਾਰਜ ਰਾਊਵਾਲ ਵਿਖੇ ਕਰਵਾਇਆ ਤੇ ਹਾਜ਼ਰੀ ਭਰੀ।

[੨] ਸ੍ਰੀ ਹਜ਼ੂਰ ਬਾਬਾ ਜੀ ਫੇਰ ਸ: ਸੁਰਜੀਤ ਸਿੰਘ ਜੀ ਜੜੀਏ ਦੇ ਸਪੁਤਰ ਸ: ਗੁਰਚਰਨ ਸਿੰਘ ਓਵਰਸੀਅਰ ਦੇ ਵਿਆਹ ਵਿਚ ਸ਼ਾਮਲ ਹੋਏ ਤੇ ਅਨੰਦ ਕਾਰਜ ਆਪ ਪੜ੍ਹਵਾਇਆ।

ਇਹਨਾਂ ਸਭ ਸਮਾਗਮਾਂ ਵਿਚ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ ਆਪਣੀ ਪਿਤਾ-ਪੁਰਖੀ ਕਾਰ ਨੂੰ ਮੁਖ ਰਖਦਿਆਂ ਹੋਇਆਂ ਸੰਗਤਾਂ ਪ੍ਰਤੀ ਉਪਦੇਸ਼ ਕੀਤਾ ਜੋ "ਆਪਣੇ ਗੁਰੂ ਨਾਨਕ ਪਾਤਸ਼ਾਹ ਨੂੰ ਜਾਣੋਂ, ਜੋ ਹਾਜ਼ਰ-ਨਾਜ਼ਰ ਹਨ' ਅਤੇ ਆਪ ਦਾ ਦਿਤਾ ਗੁਰਮੰਤਰ ਮੂਲਮੰਤ੍ਰ ਜਮ੍ਹਾਂ ਪੰਚ ਸ਼ਬਦ ਦਸਿਆ ਕਰੋ। ਗੁਰਸਿਖ ਦਾ ਕਰਮ ਹੈ ਧਰਮ ਕਮਾਉਣਾ ਤੇ ਨਤੀਜਾ ਸਤਿਗੁਰੂ ਆਪ ਬਖਸ਼ਦਾ ਹੈ। ਜੋ ਭੀ ਗੁਰੂ ਨਾਨਕ ਪਾਤਿਸ਼ਾਹ ਦੇ ਬਚਨ ਪੜ੍ਹ ਕੇ ਅਮਲ ਕਮਾਉਂਦਾ ਹੈ ਸੋ ਫਲ ਪਾਉਦਾ ਹੈ। ਆਓ! ਇਸ ਮਹੀਨੇ ਗੁਰਪੁਰਬ ਗੁਰੂ ਨਾਨਕ ਦੇਵ ਜੀ ਦਾ ਮਨਾਉਂਦੇ ਹੋਏ ਗੁਰੂ ਗਰੰਥ ਸਾਹਿਬ, ਗੁਰ-ਬਚਨਾਂ ਦੇ ਭੰਡਾਰ ਦੀ ਓਟ ਦਾ ਆਸਰਾ ਲਈਏ ਤੇ ਗੁਰਸਿੱਖ ਸਜ ਜਾਈਏ।"

ਸੰਗਤ ਕਰੀਏ ਜੋ ਗੁਰੂ ਨਾਨਕ ਪਾਤਸ਼ਾਹ ਨਾਲ ਜੋੜੇ, ਉਸ ਤੋਂ ਕਿਨਾਰਾ ਕਰੋ ਜੋ ਗੁਰੂ ਨਾਨਕ ਪਾਤਸ਼ਾਹ ਨਾਲੋਂ ਤੋੜੇ ਤੇ ਆਪਣੇ ਨਾਲ ਜੋੜੇ। ਪੁੰਨ-ਦਾਨ, ਪੂਜਾ ਪਰਮੇਸ਼ਵਰ ਦੀ ਹੀ ਗੁਰਮਤਿ ਹੈ। ਇਸ ਤੋਂ ਬਗੈਰ ਮਨਮਤ ਹੈ। ਮਨਮਤੀਆਂ ਤੋਂ ਕਿਨਾਰਾ ਕਰੋ ਤੇ ਕੁਸੰਗਤ ਤੋਂ ਬਚੋ।

ਸਤਿਨਾਮ ਸ੍ਰੀ ਵਾਹਿਗੁਰੂ॥

# ਖੁਸ਼ਖ਼ਬਰੀ

ਗੁਰੂ ਨਾਨਕ ਪਾਤਸ਼ਾਹ ਦੀ ਅੰਸ਼ ਟਿੱਕਾ ਸਰਬਜੋਤ ਸਿੰਘ ਜੀ ਬੇਦੀ ਦਾ ਵਿਆਹ ਨੀਅਤ ਕੀਤਾ ਗਿਆ ਹੈ ਜਿਸ ਦਾ ਪਰੋਗਰਾਮ ਹੇਠ ਲਿਖਿਆ ਹੈ। ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ।

| | | |
|---|---|---|
| 12 ਫ਼ਰਵਰੀ 1975 | : | ਕੁੜਮਾਈ। |
| 13 ਫ਼ਰਵਰੀ 1975 | : | ਚੁੰਨੀ ਘੱਲੀ ਜਾਣੀ। |
| 14 ਫ਼ਰਵਰੀ 1975 | : | ਭੇਖ ਬਾਬਾ ਸ੍ਰੀ ਚੰਦ ਜੀ। |
| 15 ਫ਼ਰਵਰੀ 1975 | : | ਢੁਕਾਅ ਬਰਾਤ। |
| 16 ਫ਼ਰਵਰੀ 1975 | : | ਅਨੰਦ ਕਾਰਜ। |
| 17 ਫ਼ਰਵਰੀ 1975 | : | ਊਨਾ ਸਾਹਿਬ ਵਿਖੇ ਦਰਬਾਰ ਸਜੇਗਾ। |

ਸਤਿਗੁਰੂ ਨਾਨਕ ਪਾਤਿਸ਼ਾਹ ਕ੍ਰਿਪਾ ਕਰਨ ਕਿ ਇਸ ਕਾਰਜ ਨੂੰ ਨਿਰਵਿਘਨਤਾ ਸਹਿਤ ਸੰਪੂਰਨ ਕਰਨ। ਸੰਗਤਾਂ 16-17 ਫ਼ਰਵਰੀ ਨੂੰ ਊਨਾ ਸਾਹਿਬ ਪੁਜ ਕੇ ਆਪਣੇ ਬਾਬਾ ਜੀ ਦੇ ਦਰਸ਼ਨ ਕਰਨ ਤੇ ਦਰਬਾਰ ਵਿਚ ਸ਼ਾਮਲ ਹੋ ਕੇ ਗੁਰੂ ਨਾਨਕ ਪਾਤਿਸ਼ਾਹ ਦੀਆਂ ਖੁਸ਼ੀਆਂ ਪਰਾਪਤ ਕਰਨ। ਪੂਰਾ ਪਰੋਗਰਾਮ ਫੇਰ ਛਾਪਿਆ ਜਾਵੇਗਾ।

# ਬਾਬਾ ਸਾਹਿਬ ਸਿੰਘ ਜੀ ਬੇਦੀ ਫ਼ਰੀ ਮੈਟਰਨਿਟੀ ਹਸਪਤਾਲ

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦਿਹਾੜੇ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਨਸੂਰਾਂ ਵਿਖੇ ਬਾਬਾ ਸਾਹਿਬ ਸਿੰਘ ਜੀ ਬੇਦੀ ਫਰੀ ਮੈਟਰਨਿਟੀ ਹਸਪਤਾਲ ਖੁਲ੍ਹ ਗਿਆ ਹੈ ਜਿਥੇ ਹਰ ਸਮੇਂ ਬਰਾਊਨ ਹਸਪਤਾਲ ਲੁਧਿਆਣਾ ਵਲੋਂ ਇਕ ਡਾਕਟਰ, ਇਕ ਨਰਸ ਤੇ ਇਕ ਦਾਈ ਸੇਵਾ ਵਾਸਤੇ ਮੌਜੂਦ ਰਹਿਣਗੇ।

ਦਮਦਮਾ ਅਸਥਾਨ ਵਲੋਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ 5 ਕਮਰੇ, ਦਵਾਈਆਂ ਲਈ 500 ਰੁਪਏ ਮਹੀਨਾ ਤੇ ਹੋਰ ਲੋੜੀਂਦਾ ਖਰਚ ਅਤ ਸਾਮਾਨ ਦੇਣਾ ਪ੍ਰਵਾਨ ਕੀਤਾ ਹੈ। ਇਲਾਕਾ ਨਿਵਾਸੀਆਂ ਦੇ ਲਾਭ ਲਈ ਦਮਦਮਾ ਅਸਥਾਨ ਵਲੋਂ ਇਹ ਉਦਮ ਕੀਤਾ ਗਿਆ ਹੈ। ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਇਸ ਕਾਰਜ ਵਿਚ ਆਪ ਸਹਾਈ ਹੋਣਗੇ। ਇਲਾਕਾ ਨਿਵਾਸੀ ਇਸ ਸ਼ੁਭ ਕਾਰਜ ਤੋਂ ਲਾਭ ਉਠਾਉਣ।

(ਸੇਵਾਦਾਰ ਦਮਦਮਾ ਅਸਥਾਨ)

# ਸਹੰਸਰ ਨਾਮਾ

"ਸਹੰਸਰ ਨਾਮਾ" ਦੇ ਗੁਟਕੇ ਸੰਗਤਾਂ ਨੂੰ ਵਰਤਾਉਣ ਲਈ ਛਪ ਗਏ ਹਨ। ਚਾਹਵਾਨ ਸਜਨ ਮੰਗਵਾ ਲੈਣ ਤੇ ਨਿੱਤ ਪਾਠ ਕਰ ਕੇ ਸਤਿਗੁਰੂ ਦੀ ਦਰਗਾਹ ਵਿਚ ਮੁਕਤੀ ਪ੍ਰਾਪਤ ਕਰਨ।

# ਸੋਗ

ਸ: ਗੁਰਬਚਨ ਸਿੰਘ ਜੀ ਰੜੀ ਮਹੱਲਾ ਵਾਲਿਆਂ ਦੀ ਮਾਤਾ 23 ਨਵੰਬਰ ਨੂੰ ਸਰੀਰਕ ਚੋਲਾ ਤੇ ਸੰਸਾਰ ਨੂੰ ਛਡ ਗਏ ਹਨ। ਸਤਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

ਬੜੀ ਖੁਸ਼ੀ ਨਾਲ ਲਿਖਦਾ ਹਾਂ ਕਿ ਸੰਗਤਾਂ ਵਲੋਂ ਸ਼ੁਧ ਹਿਰਦੇ ਨਾਲ ਅਰਦਾਸ ਕਰਨ ਨਾਲ ਦਾਸ ਪੂਰਨ ਸਿਹਤਮੰਦ ਹੋ ਗਿਆ ਹੈ। ਭਾਵੇਂ ਅਗਸਤ-ਸਤੰਬਰ ਮਹੀਨਾ ਬੀਮਾਰੀ ਦਾ ਨਿਕਲਿਆ ਪਰੰਤੂ ਸਤਿਗੁਰੂ ਦੀ ਸੇਵਾ ਵਿਚ ਸੇਵਾਦਾਰਾਂ ਤੇ ਸੰਗਤ ਦੀ ਅਰਦਾਸ ਪਰਵਾਨ ਹੋਈ ਤੇ ਸਿਹਤ ਬਖਸ਼ੀ।

## ਸੁਫਲ ਮਾਇਆ

ਅਜੂਨੀ ਨਾਲ ਪਿਆਰ ਕਰਨ ਵਾਲੇ ਤੇ ਇਸ ਨੂੰ ਚਲਦਾ ਰਖਣ ਦੇ ਚਾਹਵਾਨ ਪਰੇਮੀਆਂ ਵਲੋਂ ਆਈ ਮਾਇਆ ਦਾ ਵੇਰਵਾ ਇਸ ਪਰਕਾਰ ਹੈ—

| | |
|---|---|
| ਸ: ਹਰਬੰਸ ਸਿੰਘ ਮਨੋਹਰ ਸਿੰਘ ਜੀ ਰਾਜਪੁਰਾ [ਪਟਿਆਲਾ] | ੧੦੧] |
| ਸ੍ਰੀ ਰਾਜ ਪਾਲ ਜੀ ਸਾਹਨੀ, ਚੀਰੀ ਮੀਰੀ (ਮਧਿਆ ਪਰਦੇਸ਼) | ੫੦] |
| ਸ: ਈਸ਼ਰ ਸਿੰਘ ਫੂਲਵੰਤ ਸਿੰਘ ਜੀ ਅੰਮ੍ਰਿਤਸਰ | ੩੧] |
| ਸ: ਪਿਰਥੀਪਾਲ ਸਿੰਘ ਤੇ ਸ: ਅਰਜਨ ਸਿੰਘ ਜੀ ਸਹਾਰਨ ਪੁਰ (ਯੂ.ਪੀ.) | ੩੧] |
| ਸ: ਰਤਨ ਸਿੰਘ ਸੰਤੋਖ ਸਿੰਘ ਜੀ ਲੁਧਿਆਣਾ | ੨੫] |
| ਗੁਆਨਾ ਐਚ-ਅਨਸਾਨੀ 9641, ਦਿਓਲਾਲੀ, (ਨਾਸਕ) | ੨੫] |
| ਸ: ਸੁੰਦਰ ਸਿੰਘ ਜੀ ਦੂਆ ਲੁਧਿਆਣਾ | ੨੨] |
| ਸ: ਆਸਾ ਸਿੰਘ ਜੀ ਪਿੰਡ ਕਾਂਠ, ਜ਼ਿਲਾ ਮੁਰਾਦਾਬਾਦ [ਯੂ. ਪੀ.] | ੨੧] |
| ਸ: ਕੁਲਦੀਪ ਸਿੰਘ ਜੀ, ਕੁਲਦੀਪ ਮਕੈਨੀਕਲ ਵਰਕਸ, ਲੁਧਿਆਣਾ (ਹਰ ਮਹੀਨੇ) | ੨੧] |
| ਬੀਬੀ ਤੇਜਿੰਦਰ ਕੌਰ ਜੀ ਨਾਭਾ | ੧੧] |
| ਬੀਬੀ ਪਰੀਤਮ ਕੌਰ ਜੀ ਨਾਭਾ | ੧੧] |
| ਬਾਬਾ ਇੰਦਰ ਸਿੰਘ ਜੀ ਬੇਦੀ ਨਾਭਾ | ੧੧] |
| ਬੀਬੀ ਕੁਲਵੰਤ ਕੌਰ ਜੀ ਟੀਚਰ, ਜ਼ੀਰਾ (ਫ਼ੀਰੋਜ਼ਪੁਰ) | ੧੧] |
| ਸ: ਪੂਰਨ ਸਿੰਘ ਜੀ ਲੁਧਿਆਣਾ | ੧੧] |
| ਸ: ਅਨੋਖ ਸਿੰਘ ਜੀ ਮੁਜ਼ਫਰ ਨਗਰ | ੧੧] |
| ਸ: ਸ਼ਦਾ ਸਿੰਘ ਜੀ ਸਮਰਾਲਾ (ਲੁਧਿਆਣਾ) | ੧੧] |
| ਡਾ: ਅਮਰਜੀਤ ਸਿੰਘ ਜੀ ਧਾਲੀਵਾਲ ੧੦-੧੦੪, ਐ: ਯੂਨੀਵਰਸਟੀ, ਲੁਧਿਆਣਾ | ੧੧] |
| ਸ੍ਰੀ ਦਿਆਰੀ ਲਾਲ ਜੀ ਅੰਮ੍ਰਿਤਸਰ | ੧੦] |
| ਸ: ਪਰੀਤਮ ਸਿੰਘ ਜੀ ਕਰਨਾਲ | ੧੦] |
| ਸ: ਸੌਦਾਗਰ ਸਿੰਘ ਜੀ ਕਪੂਰਥਲਾ | ੫] |
| ਸ: ਸੁਰਜੀਤ ਸਿੰਘ ਜੀ ਕਾਲੜਾ ਲੁਧਿਆਣਾ | ੫] |
| ਬੀਬੀ ਹਰਜਿੰਦਰ ਕੌਰ ਜੀ ਮਨਸੂਰਾਂ | ੫] |
| ਇਕ ਗੁਰਸਿੱਖ ਮੁਜ਼ਫਰਨਗਰ | ੫] |
| ਸ: ਸੁਰਜਨ ਸਿੰਘ ਜੀ ਲੁਧਿਆਣਾ | ੫] |

ਗੁਰ-ਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

'ਜਿਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥" "ਅਰਾਧ ਏਕੰਕਾਰ ਸਾਚਾ ਨਿਤ ਦੇਇ ਚੜੇ੍ ਸਵਾਇਆ ॥"

ਸਤਿਨਾਮ ਸ੍ਰੀ ਵਾਹਿਗੁਰੂ

ਧੰਨ ਗੁਰੂ ਨਾਨਕ

੧ੴ

ਧੰਨ ਗੁਰੂ ਨਾਨਕ

# ਧਾਰਮਿਕ ਦੀਵਾਨ (੧੯੭੫)

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਜੀ ਦੇ ਦਮਦਮੇ ਅਸਥਾਨਾਂ ਤੇ ਬੜੇ ਭਾਰੀ ਦੀਵਾਨ ਸਜਾਏ ਜਾਂਦੇ ਹਨ ਤੇ ਬੇਅੰਤ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਹਾਜ਼ਰੀ ਭਰ ਕੇ ਲਾਭ ਉਠਾਉਂਦੀਆਂ ਹਨ । ਸੋ, ਸੰਗਤਾਂ ਨੂੰ ਸੂਚਨਾ ਲਈ ਇਹ ਪੱਤਰ ਘਲਿਆ ਜਾਂਦਾ ਹੈ ਜੋ ਇਹ ਦੀਵਾਨ ਹੇਠ ਲਿਖੀਆਂ ਤਾਰੀਖਾਂ ਤੇ ੧੯੭੫ ਸਾਲ ਵਿਚ ਹੋਣਗੇ—

| ਹਰ ਦਸਵੀਂ ਵਾਲੇ ਦਿਨ ਪਿੰਡ ਮਨਸੂਰਾਂ (ਜ਼ਿਲਾ ਲੁਧਿਆਣਾ) ਵਿਖੇ | | ਹਰ ਅਮਾਵਸ਼ ਵਾਲੇ ਦਿਨ ਪਿੰਡ ਦਖਨੀ ਕੀ ਸਰਾਏ (ਜ਼ਿਲਾ ਜਾਲੰਧਰ) ਵਿਖੇ | |
|---|---|---|---|
| ਧਵਾਰ ੨੨ ਜਨਵਰੀ ੧੯੭੫ | ਸ਼ੁਕਰਵਾਰ ੧੮ ਜੁਲਾਈ ੧੯੭੫ | ਐਤਵਾਰ ੧੨ ਜਨਵਰੀ ੧੯੭੫ | ਬੁਧਵਾਰ ੯ ਜੁਲਾਈ ੧੯੭੫ |
| ਕ੍ਰਵਾਰ ੨੧ ਫਰਵਰੀ ੧੯੭੫ | ਸਨਿਚਰਵਾਰ ੧੬ ਅਗਸਤ ੭੫ | ਮੰਗਲਵਾਰ ੧੧ ਫ਼ਰਵਰੀ ੧੯੭੫ | ਵੀਰਵਾਰ ੭ ਅਗਸਤ ੧੯੭੫ |
| ਨਿਚਰਵਾਰ ੨੨ ਮਾਰਚ ੧੯੭੫ | ਸੋਮਵਾਰ ੧੫ ਸਤੰਬਰ ੧੯੭੫ | ਬੁਧਵਾਰ ੧੨ ਮਾਰਚ ੧੯੭੫ | ਸ਼ੁਕਰਵਾਰ ੫ ਸਤੰਬਰ ੧੯੭੫ |
| ਮਵਾਰ ੨੧ ਅਪਰੈਲ ੧੯੭੫ | ਮੰਗਲਵਾਰ ੧੪ ਅਕਤੂਬਰ ੭੫ | ਸ਼ੁਕਰਵਾਰ ੧੧ ਅਪਰੈਲ ੧੯੭੫ | ਐਤਵਾਰ ੫ ਅਕਤੂਬਰ ੧੯੭੫ |
| ਗਲਵਾਰ ੨੦ ਮਈ ੧੯੭੫ | ਵੀਰਵਾਰ ੧੩ ਨਵੰਬਰ ੧੯੭੫ | ਐਤਵਾਰ ੧੧ ਮਈ ੧੯੭੫ | ਸੋਮਵਾਰ ੩ ਨਵੰਬਰ ੧੯੭੫ |
| ਬੁਧਵਾਰ ੧੮ ਜੂਨ ੧੯੭੫ | ਸਨਿਚਰਵਾਰ ੧੩ ਦਸੰਬਰ ੭੫ | ਸੋਮਵਾਰ ੯ ਜੂਨ ੧੯੭੫ | ਮੰਗਲਵਾਰ ੨ ਦਸੰਬਰ ੧੯੭੫ |

ਇਹਨਾਂ ਦਿਹਾੜਿਆਂ ਤੇ ਅਖੰਡ ਪਾਠਾਂ ਦੇ ਭੋਗ ਹਰ ਦਸਵੀਂ ਨੂੰ ੧੧ ਵਜੇ ਪੈਂਦੇ ਹਨ ਤੇ ੨ ਵਜੇ ਤਕ ਦੀਵਾਨ ਸਜਦੇ ਹਨ ।

ਗੁਰੂ ਕਾ ਲੰਗਰ ਅਤੁਟ ਵਰਤਦਾ ਹੈ ।

ਮਨਸੂਰਾਂ ਪਿੰਡ, ਲੁਧਿਆਣਾ-ਪੱਖੋਵਾਲ ਵਾਲੀ ਪੱਕੀ ਸੜਕ ਉੱਤੇ ਹੈ ।

ਦਖਨੀ ਕੀ ਸਰਾਂ, ਬੇਈਂ ਦੇ ਕੰਢੇ ਨਕੋਦਰ-ਕਪੂਰਥਲੇ ਵਾਲੀ ਸੜਕ ਉੱਤੇ ਹੈ।

ਵਲੋਂ ਸਾਧ-ਸੰਗਤ ਦਾ ਸੇਵਾਦਾਰ—

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ-ਨਸ਼ੀਨ

## ਸੂਚਨਾ:—

੧ ਹਰ ਪੂਰਨਮਾਸ਼ੀ ਅਤੇ ਅਮਾਵਸ ਦੀ ਰਾਤ ਦਾ ਦੀਵਾਨ ਨਗਰ ਮਨਸੂਰਾਂ ਵਿਖੇ ਹੁੰਦਾ ਹੈ ।
ਹਰ ਅਸ਼ਟਮੀ ਦੀ ਰਾਤ ਦਾ ਦੀਵਾਨ ਨਗਰ ਜੋਧਾਂ ਵਿਖੇ ਹੁੰਦਾ ਹੈ ।
ਹਰ ਅਕਾਦਸ਼ੀ ਦੀ ਸਵੇਰ ਦਾ ਦੀਵਾਨ ਨਗਰ ਖੰਡੂਰ ਵਿਖੇ ਹੁੰਦਾ ਹੈ ।

੨ ਇਮਾਰਤ ਮਨਸੂਰਾਂ—ਸੰਗਤਾਂ ਦੇ ਬਿਸਰਾਮ ਲਈ ੩੨ ਕਮਰੇ ਤੇ ਸਰੋਵਰ ਅਕਾਸ਼ੀ ਬਣਾਏ ਜਾ ਚੁਕੇ ਹਨ । ਪਵਿੱਤਰ ਅੰਮ੍ਰਿਤ ਜਲ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਖੂਹ ਦਾ—ਜਿਸ ਨੂੰ ਦੇਹ ਅਰੋਗਤਾ ਦਾ ਵਰ ਹੈ—ਪਾਇਆ ਜਾਂਦਾ ਹੈ । ਹੁਣ ਚਾਰ-ਦੀਵਾਰੀ ਤੇ ਦਰਸ਼ਨੀ ਡਿਉੜ੍ਹੀ ਲਈ ਸਹਾਇਤਾ ਖੁਲ੍ਹੇ ਦਿਲ ਨਾਲ ਸੰਗਤਾਂ ਕਰਨ, ਤਾਂ ਜੋ ਛੇਤੀ ਮੁਕੰਮਲ ਹੋ ਜਾਣ । ਆਸ ਹੈ ਦਾਸ ਦੀ ਬੇਨਤੀ ਪ੍ਰਵਾਨ ਕਰੋਗੇ । ਚਾਰ-ਦੀਵਾਰ ਤੇ ਦਰਸ਼ਨੀ ਡਿਉੜ੍ਹੀ ਦਾ ਮਹੂਰਤ ੨੪ ਨਵੰਬਰ ੧੯੭੪ ਨੂੰ ਹੋ ਚੁਕਾ ਹੈ ਤੇ ਅਮਾਰਤ ਅਰੰਭ ਹੈ । ਭਾਗਾਂ ਵਾਲੇ ਆਖੋ ਆਪਣਾ ਹਿੱਸਾ ਸੇਵਾ ਵਿਚ ਪਾ ਲਓ ।

੩ ਜਿਨ੍ਹਾਂ ਸਜਣਾਂ ਨੇ ਦਸਵੀਂ ਵਾਲੇ ਦਿਨ ਭੋਗ ਅਖੰਡ ਪਾਠ ਦੇ ਰਖਵਾਉਣੇ ਹੋਣ, ਉਹ ਪਹਿਲਾਂ ਪਤਾ ਦੇਣ ਦੀ ਕ੍ਰਿਪਾਲਤਾ ਕਰ

੪ ਸਾਲਾਨਾ ਸਮਾਗਮ ਜੋਤੀਜੋਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ੮ ਜੂਨ ੧੯੭੫ ਐਤਵਾਰ ਨੂੰ ਮਨਸੂਰਾਂ ਵਿਖੇ ਮਨਾਇਆ ਜਾਵੇ ਤੇ ੬ ਜੂਨ ਨੂੰ ਜਲੂਸ ਜੋਧਾਂ ਨਗਰ ਵਿਖੇ ਅਤੇ ੭ ਜੂਨ ਨੂੰ ਮਨਸੂਰਾਂ ਵਿਖੇ ਨਿਕਲੇਗਾ। ਦਸਵੀਂ ਹਰ ਮਹੀਨੇ ਵਾਂਗ ੧੮ ਬੁਧਵਾਰ ਨੂੰ ਮਨਾਈ ਜਾਵੇਗੀ।

੫ ਗੁਰਪੁਰਬ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਊਨਾ ਸਾਹਿਬ ਵਿਖੇ ੨੬, ੨੭, ੨੮ ਮਾਰਚ ੧੯੭੫ ਬੁਧ, ਵੀਰ, ਸ਼ੁਕ ਨੂੰ ਮਨਾਇਆ ਜਾਵੇਗਾ। ਜਲੂਸ ਵੀਰਵਾਰ ੨੭ ਤਾਰੀਖ ਹੋਵੇਗਾ, ਜਿਸ ਦਿਨ ਮਹੱਲਾ ਹੋਣ ਕਾਰਨ ਗੁਲਾਲ ਖੇਡੀ ਜਾਵੇਗੀ।

੬ ਗੁਰਪੁਰਬ ਜੋਤੀ ਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ ੧੭ ਤੋਂ ੨੪ ਅਗਸਤ ਤਕ ਹੋਵੇਗਾ ੨੪ ਨੂੰ ਭੋਗ, ਜੱਗ ਤੇ ਨਿਤ ਦੀਵਾਨ ਮੰਜੀ ਸਾਹਿਬ ਹੋਣਗੇ। ਗੁਰੂ ਰਾਮਦਾਸ ਪਾਤਸ਼ਾਹ ਦੇ ਸੇਵਾਦਾਰਾਂ ਦਾ ਭੰਡਾਰਾ ੨ ਤਾਰੀਖ ਦੁਪਹਿਰ ਨੂੰ ਹੋਵੇਗਾ।

੭ ਸ੍ਰੀਮਾਨ ਸੰਤ ਨੰਦ ਸਿੰਘ ਜੀ ਦੀ ਬਰਸੀ ੨੭, ੨੮, ੨੯ ਅਗਸਤ ੧੯੭੫ ਨੂੰ ਨਾਨਕਸਰ ਪੁਜ ਕੇ ਮਨਾਈ ਜਾਵੇਗੀ ਤੇ ਬੇਰ ਸਾਹਿਬ ਅਸਥਾਨ ਤੇ ਹਰ ਸਾਲ ਵਾਂਗ ਅਤੁਟ ਗੁਰੂ ਕਾ ਲੰਗਰ ਚਲੇਗਾ। ਜਿਸ ਤੋਂ ਹਜ਼ਾਰਾਂ ਪ੍ਰਾਣੀ ਲਾਭ ਪ੍ਰਾਪਤ ਕਰਨਗੇ।

੮ ਹੋਲਾ ਮਹੱਲਾ ਊਨਾ ਸਾਹਿਬ ਵਿਖੇ ੨੭ ਮਾਰਚ ੧੯੭੫ ਨੂੰ ਨਿਕਲੇਗਾ ਅਤੇ ੨੮ ਮਾਰਚ ੧੯੭੫ ਨੂੰ ਅਨੰਦ ਪੁਰ ਸਾਹਿ ਮਹੱਲਾ ਹੁੰਦਾ ਹੈ। ਪਰ ਦੀਵਾਨ ਊਨਾ ਸਾਹਿਬ ਹੀ ਸਜਣਗੇ।

੯ "ਅਜੂਨੀ" ਮਾਸਕ ਪੱਤਰ ਬੜੇ ਖਰਚ ਨਾਲ ਛਾਪ ਕੇ, ਘਰ ਘਰ ਮੁਫਤ ਘਲਿਆ ਜਾਂਦਾ ਹੈ, ਜੋ ਆਸ਼ਰਮ ਤੇ ਭਾਰੀ ਬੋ ਹੈ। ਦਾਨੀ ਸਜਨ ਖੁਲ੍ਹੇ ਦਿਲ ਨਾਲ ਸਹਾਇਤਾ ਕਰਨ ਤਾਂ ਜੋ ਛਪਦਾ ਰਹੇ।

—o—

# ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ

ਜੋ ਪਰੇਮੀ ਆਪਣੇ ਗ੍ਰਹਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਰਕਾਸ਼ ਕਰਨਾ ਚਾਹੁਣ ਉਹਨਾਂ ਨੂੰ ਬੀੜ ਤੇ ਰੁਮਾਲੇ ਮੁਫਤ ਪੁਚਾ ਦਿਤੇ ਜਾਣਗੇ।

# ਜ਼ਰੂਰੀ ਸੂਚਨਾ

ਅਜੂਨੀ ਦੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਅਸੀਂ ਸਭ ਪਾਠਕਾਂ ਦੇ ਪੱਕੇ ਪਤੇ ਪਰਿੰਟ ਕਰ ਰਹੇ ਹਾਂ, ਜਿਨ੍ਹਾਂ ਪਰੇਮੀਆਂ ਵਲੋਂ ਇਸ ਸਾਲ ਅਜੂਨੀ ਵਾਸਤੇ ਚੰਦੇ ਅਤੇ ਸਹਾਇਤਾ ਪੁਜ ਗਈ ਹੈ, ਉਹਨਾਂ ਤੋਂ ਇਲਾਵਾ ਜੋ ਸਜਨ ਅਜੂਨੀ ਨਾਲ ਪਿਆਰ ਕਰਦੇ ਹਨ, ਆਪਣੇ ਚੰਦੇ ਜਾਂ ਸਹਾਇਤਾ ਸ਼ੀਘਰ ਹੀ ਭੇਜ ਦੇਣ ਤਾਕਿ ਅਜੂਨੀ ਉਹਨਾਂ ਨੂੰ ਬਾਕਾਇਦਾ ਪੁਜਦਾ ਰਹੇ। [ਮੈਨੇਜਰ]

---


# ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਗੱਦੀ-ਨਸ਼ੀਨ

[ਗੁਰ-ਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਅਤੇ ਮਨਸੂਰਾਂ]

ਵਲੋਂ

ਸਮੂਹ ਸੰਗਤਾਂ ਅਤੇ ਅਜੂਨੀ ਦੇ ਪਾਠਕਾਂ ਨੂੰ

**ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ ਹੋਣ।**



ਦੇਸ਼ ਆਜ਼ਾਦੀ ਹਿਤ ਜੂਝਣ ਵਾਲੇ, ਮਹਾਨ ਸੁਤੰਤਰਤਾ ਸੰਗਰਾਮੀਏ
ਬਾਬਾ ਬਿਕ੍ਰਮਾ ਸਿੰਘ ਜੀ ਬੇਦੀ
ਊਨਾ ਸਾਹਿਬ

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧਸੂਦਨ ਸਿੰਘ ਜੀ ਬੇਦੀ; ਮਨਸੂਰਾਂ (ਲੁਧਿਆਣਾ) ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਤੋਂ ਛਪਵਾ ਕੇ, ਦਫਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ ।

ਅੱਜ ਦੇ ਵਰਤਮਾਨ ਗੱਦੀ ਨਸ਼ੀਨ



ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ